ਵੀਰਵਾਰ, 30 ਜੁਲਾਈ, 2026
15 ਸਾਉਣ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 59

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 30 JULY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਪਾੜ੍ਹਿਆਂ ਦਾ ਅਸਲ ਵੈਰੀ ਆਰ ਐੱਸ ਐੱਸ : ਰਾਹੁਲ

## 'ਗੋਲੀ ਚਲਵਾਉਣ ਵਾਲੇ ਸ਼ਾਹ ਡਰਦੇ ਲੋਕ ਸਭਾ 'ਚ ਨਹੀਂ ਆਏ'




**ਨਵੀਂ ਦਿੱਲੀ** (ਨਵਾਂ ਜ਼ਮਾਨਾਂ ਸਰਵਿਸ) : ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਬੁੱਧਵਾਰ ਵਿਦਿਆਰਥੀ ਪ੍ਰਦਰਸ਼ਨਕਾਰੀਆਂ 'ਤੇ ਪੁਲਸ ਕਾਰਵਾਈ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਹਮਲਾ ਬੋਲਦਿਆਂ ਕਿਹਾ ਕਿ ਸ਼ਾਹ ਨੇ ਹੀ ਗੋਲੀਬਾਰੀ ਕਰਵਾਈ।

ਲੋਕ ਸਭਾ ਵਿੱਚ ਜਨਤਕ ਪ੍ਰੀਖਿਆ (ਅਨਿਆਂਪੂਰਨ ਸਾਧਨਾਂ ਦੀ ਰੋਕਥਾਮ) ਸੋਧ ਬਿੱਲ 2026 'ਤੇ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਰਾਹੁਲ ਨੇ ਦਾਅਵਾ ਕੀਤਾ ਕਿ ਗ੍ਰਹਿ ਮੰਤਰੀ ਸੰਸਦ ਤੋਂ ਇਸ ਕਰਕੇ ਗੈਰਹਾਜ਼ਰ ਹਨ, ਕਿਉਂਕਿ ਉਹ ਡਰੇ ਹੋਏ ਹਨ। ਇਸ 'ਤੇ ਸੱਤਾਧਾਰੀ ਮੈਂਬਰਾਂ ਨੇ ਇਤਰਾਜ਼ ਜਤਾਇਆ।

ਰਾਹੁਲ ਨੇ ਕਿਹਾ, 'ਮੈਨੂੰ ਅੱਜ ਇਹ ਦੇਖ ਕੇ ਬਹੁਤ ਖੁਸ਼ੀ ਹੋ ਰਹੀ ਹੈ ਕਿ ਇਸ ਦੇਸ਼ ਦੇ ਅਖੌਤੀ ਗ੍ਰਹਿ ਮੰਤਰੀ ਕੋਲ ਇੱਥੇ ਆ ਕੇ ਬੈਠਣ ਦੀ ਹਿੰਮਤ ਨਹੀਂ... ਗ੍ਰਹਿ ਮੰਤਰੀ ਅੱਜ ਇੱਥੇ ਕਿਉਂ ਨਹੀਂ ਹਨ? ਗ੍ਰਹਿ ਮੰਤਰੀ ਅੱਜ ਇੱਥੇ ਨਹੀਂ ਹਨ, ਕਿਉਂਕਿ ਉਹ ਡਰੇ ਹੋਏ ਹਨ। ਗ੍ਰਹਿ ਮੰਤਰੀ ਨੇ ਸਾਡੇ ਵਿਦਿਆਰਥੀਆਂ 'ਤੇ ਗੋਲੀ ਚਲਾਉਣ ਦਾ ਅਧਿਕਾਰ ਦਿੱਤਾ। ਉਸ ਨੇ ਸਾਡੇ ਵਿਦਿਆਰਥੀਆਂ ਦੇ ਖੂਨ ਵਿੱਚ ਗੋਲੀਆਂ ਪਾ ਦਿੱਤੀਆਂ। ਉਸ ਨੇ ਭਾਰਤ ਦੇ ਵਿਦਿਆਰਥੀਆਂ ਨੂੰ ਗੋਲੀ ਮਾਰਨ ਦਾ ਹੁਕਮ ਦਿੱਤਾ।'

ਹੰਗਾਮਾ ਕਰਦਿਆਂ ਭਾਜਪਾ ਮੈਂਬਰਾਂ ਨੇ ਮੰਗ ਕੀਤੀ ਕਿ ਰਾਹੁਲ ਮੁਆਫੀ ਮੰਗਣ ਅਤੇ ਆਪਣੇ ਦੋਸ਼ਾਂ ਦੇ ਸਮਰਥਨ ਵਿੱਚ ਸਬੂਤ ਦੇਣ। ਸਪੀਕਰ ਓਮ ਬਿਰਲਾ ਨੇ ਦਖਲ ਦਿੰਦੇ ਹੋਏ ਕਿਹਾ ਕਿ ਸਬੂਤਾਂ ਤੋਂ ਬਿਨਾਂ ਦੋਸ਼ ਨਹੀਂ ਲਗਾਏ ਜਾ ਸਕਦੇ। ਬਾਅਦ ਵਿੱਚ ਉਨ੍ਹਾ ਰਾਹੁਲ ਦੀਆਂ ਟਿੱਪਣੀਆਂ ਨੂੰ ਹਟਾ ਦਿੱਤਾ। ਸਾਬਕਾ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਨੂੰ ਸਤਹੀ ਦੱਸਦੇ ਹੋਏ ਰਾਹੁਲ ਨੇ ਦੋਸ਼ ਲਗਾਇਆ, 'ਸਿੱਖਿਆ ਪ੍ਰਣਾਲੀ ਨੂੰ ਮੰਤਰੀ ਨਹੀਂ, ਸਗੋਂ ਆਰ ਐੱਸ ਐੱਸ ਨੇ ਕੰਟਰੋਲ ਕੀਤਾ। ਰਾਜਨਾਥ ਸਿੰਘ ਨੇ ਕਿਹਾ ਸੀ ਕਿ ਅਸੀਂ ਯੂ ਪੀ ਏ ਨਹੀਂ ਹਾਂ, ਸਾਡੇ ਮੰਤਰੀ ਕਦੇ ਅਸਤੀਫਾ ਨਹੀਂ ਦਿੰਦੇ, ਉਹ ਸਹੀ ਹਨ। ਧਰਮਿੰਦਰ ਪ੍ਰਧਾਨ ਦਾ ਅਸਤੀਫਾ ਸਤਹੀ ਹੈ, ਕਿਉਂਕਿ ਧਰਮਿੰਦਰ ਪ੍ਰਧਾਨ ਨੇ ਕਦੇ ਸਿੱਖਿਆ ਮੰਤਰਾਲਾ ਨਹੀਂ ਚਲਾਇਆ। ਸਿੱਖਿਆ ਮੰਤਰਾਲਾ ਚਲਾਉਣ ਵਾਲੀ ਸੰਸਥਾ ਨੂੰ ਆਰ ਐੱਸ ਐੱਸ ਕਿਹਾ ਜਾਂਦਾ ਹੈ। ਇਸ ਨੂੰ ਚਲਾਉਣ ਵਾਲਾ ਆਦਮੀ ਮੰਤਰੀ ਦੇ ਦਫਤਰ ਵਿੱਚ ਬੈਠਾ ਇੱਕ ਓ ਐੱਸ ਡੀ ਹੈ।' ਉਨ੍ਹਾ ਇਹ ਵੀ ਕਿਹਾ ਕਿ ਆਰ ਐੱਸ ਐੱਸ ਚਾਹੁੰਦਾ ਸੀ ਕਿ ਵਿਦਿਆਰਥੀ ਅੰਧ-ਭਗਤ ਬਣਨ। ਇਸ ਲਈ ਜਿਸ ਗੱਲ ਤੋਂ ਵਿਦਿਆਰਥੀ ਅਸਲ ਵਿੱਚ ਪ੍ਰੇਸ਼ਾਨ ਹਨ, ਉਹ ਇਹ ਹੈ ਕਿ ਉਨ੍ਹਾਂ ਨੂੰ ਭਾਰਤ ਵਿੱਚ ਵਿਦਿਆਰਥੀ ਬਣਨ ਦੀ ਇਜਾਜ਼ਤ ਨਹੀਂ, ਉਨ੍ਹਾਂ ਨੂੰ ਜਨੂੰਨ ਦੀ ਪਾਲਣਾ ਕਰਨ ਦੀ ਇਜਾਜ਼ਤ ਨਹੀਂ ਹੈ, ਉਨ੍ਹਾਂ ਨੂੰ ਉਹ ਕਹਿਣ ਦੀ ਇਜਾਜ਼ਤ ਨਹੀਂ, ਜੋ ਉਹ ਚਾਹੁੰਦੇ ਹਨ, ਉਨ੍ਹਾਂ ਨੂੰ ਉਹ ਸਵਾਲ ਪੁੱਛਣ ਦੀ ਇਜਾਜ਼ਤ ਨਹੀਂ, ਜੋ ਉਹ ਚਾਹੁੰਦੇ ਹਨ। ਉਨ੍ਹਾਂ ਨੂੰ ਇਹ ਬੇਤੁਕਾ ਇਤਿਹਾਸ ਖਰੀਦਣਾ ਪਵੇਗਾ, ਜਿਸ ਬਾਰੇ ਆਰ ਐੱਸ ਐੱਸ ਕਲਪਨਾ ਕਰਦਾ ਹੈ... ਧਰਮਿੰਦਰ ਪ੍ਰਧਾਨ ਇੱਕ ਪ੍ਰਤੀਕ ਹੈ, ਅਸਲ ਦੁਸ਼ਮਣ ਆਰ ਐੱਸ ਐੱਸ ਹੈ... ਇਹ ਉਹ ਲੋਕ ਹਨ, ਜੋ ਚਾਹੁੰਦੇ ਹਨ ਕਿ ਤੁਸੀਂ ਅੰਧ-ਭਗਤ ਬਣੋ।' ਰਾਹਲ ਨੇ ਇਹ ਵੀ ਕਿਹਾ ਕਿ ਦੇਸ਼ ਦੀ ਹਰ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਆਰ ਐੱਸ ਐੱਸ ਤੋਂ ਹਨ। ਉਨ੍ਹਾ ਆਰ ਐੱਸ ਐੱਸ 'ਤੇ ਵਧ ਰਹੇ • ਬਾਕੀ ਸਫਾ 2 'ਤੇ

## ਰਾਹੁਲ ਦੀ ਮਿਸਾਲ ਚੁੱਭੀ

ਰਾਹੁਲ ਗਾਂਧੀ ਦੀ ਇੱਕ ਮਿਸਾਲ ਸੱਤਾਧਾਰੀ ਮੈਂਬਰਾਂ ਨੂੰ ਬਹੁਤ ਚੁੱਭੀ। ਉਨ੍ਹਾ ਕਿਹਾ, "ਮੈਂ ਇੱਕ ਵਿਦਿਆਰਥਣ ਨੂੰ ਸਵਾਲ ਪੁੱਛਿਆ ਕਿ ਤੁਸੀਂ ਕਿਹਾ ਸੀ ਕਿ ਤੁਸੀਂ ਇੱਕ ਵਿਦਿਆਰਥੀ ਹੋ, ਇਸ ਦਾ ਕੀ ਮਤਲਬ ਹੈ? ਕੀ ਇਸ ਦਾ ਮਤਲਬ ਹੈ ਕਿ ਤੁਸੀਂ ਕਿਸੇ ਕਾਲਜ, ਕਿਸੇ ਸਕੂਲ ਵਿੱਚ ਪੜ੍ਹਦੇ ਹੋ, ਤੁਸੀਂ ਕਿਤਾਬਾਂ ਪੜ੍ਹਦੇ ਹੋ? ਉਸ ਨੇ ਕਿਹਾ ਕਿ ਵਿਦਿਆਰਥੀ ਉਹ ਹੁੰਦਾ ਹੈ ਜਿਸ ਦਾ ਮਨ ਖੁੱਲ੍ਹਾ ਹੁੰਦਾ ਹੈ (ਅਤੇ) ਦਿਲ ਖੁੱਲ੍ਹਾ ਹੁੰਦਾ ਹੈ। ਵਿਦਿਆਰਥੀ ਉਹ ਹੁੰਦਾ ਹੈ, ਜੋ ਇਹ ਸਵੀਕਾਰ ਕਰਦਾ ਹੈ ਕਿ ਉਹ ਸਭ ਕੁਝ ਨਹੀਂ ਜਾਣਦਾ। ਉਹ ਜੋ ਵੀ ਜਾਣਦਾ ਹੈ, ਉਸ ਦੀ ਥਾਂ ਨਵਾਂ ਗਿਆਨ ਲੈ ਲਵੇਗਾ। ਉਹ ਜਾਣਦਾ ਹੈ ਕਿ ਬ੍ਰਹਿਮੰਡ ਗਤੀਸ਼ੀਲ ਹੈ। ਉਹ ਇਹ ਵੀ ਸਮਝਦਾ ਹੈ ਕਿ ਗਿਆਨ ਲਗਾਤਾਰ ਬਦਲ ਰਿਹਾ ਹੈ। ਉਸ ਨੇ ਕਿਹਾ ਕਿ ਸਭ ਤੋਂ ਮਹੱਤਵਪੂਰਨ ਗੁਣ ਜੋ ਇੱਕ ਵਿਦਿਆਰਥੀ ਵਿੱਚ ਹੁੰਦਾ ਹੈ, ਉਹ ਨਿਮਰਤਾ ਹੈ।" ਰਾਹੁਲ ਨੇ ਕਿਹਾ ਕਿ ਵਿਦਿਆਰਥਣ ਨੇ ਲੋਕਾਂ ਦੀ ਇੱਕ ਹੋਰ ਸ਼੍ਰੇਣੀ ਦਾ ਵੀ ਵਰਣਨ ਕੀਤਾ, ਜੋ ਮੰਨਦੇ ਹਨ ਕਿ ਉਹ ਸਭ ਕੁਝ ਜਾਣਦੇ ਹਨ। ਉਹ ਇਸ ਬਾਰੇ ਬਿਲਕੁਲ ਯਕੀਨ ਰੱਖਦੇ ਹਨ ਕਿ ਉਹ ਸਭ ਕੁਝ ਜਾਣਦੇ ਹਨ। ਉਹ ਮੰਨਦੇ ਹਨ ਕਿ ਬ੍ਰਹਿਮੰਡ ਸਥਿਰ ਹੈ ਅਤੇ ਉਹ ਮੰਨਦੇ ਹਨ ਕਿ ਗਿਆਨ ਉਨ੍ਹਾਂ ਦੇ ਅੰਦਰੋਂ ਪੈਦਾ ਹੁੰਦਾ ਹੈ। ਉਹ ਹੰਕਾਰੀ ਹਨ। ਉਹ ਸੁਣਦੇ ਨਹੀਂ ਹਨ, ਉਹ ਦੂਜਿਆਂ ਦੀ ਸੱਚਾਈ ਦਾ ਆਦਰ ਨਹੀਂ ਕਰਦੇ। ਉਸ ਨੇ ਕਿਹਾ, "ਮੈਂ ਉਨ੍ਹਾਂ ਨੂੰ ਮੂਰਖ ਮੰਨਦੀ ਹਾਂ।" ਇਸ ਟਿੱਪਣੀ ਨਾਲ ਸਦਨ ਵਿੱਚ ਹੰਗਾਮਾ ਮਚ ਗਿਆ, ਸਪੀਕਰ • ਬਾਕੀ ਸਫਾ 2 'ਤੇ

## ਐੱਮ ਐੱਸ ਪੀ ਲਈ ਕਿਸਾਨਾਂ ਦੀ ਭੋਪਾਲ 'ਤੇ ਚੜ੍ਹਾਈ



**ਭੋਪਾਲ** (ਨ ਜ਼ ਸ) ਮੂੰਗੀ ਦੀ 100 ਫੀਸਦੀ ਸਰਕਾਰੀ ਖਰੀਦ ਅਤੇ ਖਾਦ ਵੰਡ ਲਈ ਈ-ਟੋਕਨ ਪ੍ਰਣਾਲੀ ਦੇ ਵਿਰੋਧ ਵਿੱਚ ਬੁੱਧਵਾਰ ਭੋਪਾਲ ਵਿੱਚ ਹਜ਼ਾਰਾਂ ਕਿਸਾਨ ਸੜਕਾਂ 'ਤੇ ਉਤਰ ਆਏ। ਸਰਕਾਰ ਨਾਲ ਗੱਲਬਾਤ ਅਸਫਲ ਹੋਣ ਤੋਂ ਬਾਅਦ ਕਿਸਾਨਾਂ ਨੇ ਆਪਣਾ ਅੰਦੋਲਨ ਤੇਜ਼ ਕਰ ਦਿੱਤਾ, ਜਿਸ ਨਾਲ ਰਾਜਧਾਨੀ ਦੀ ਆਵਾਜਾਈ ਪ੍ਰਣਾਲੀ ਵਿੱਚ ਵਿਘਨ ਪਿਆ। ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ 'ਕਿਸਾਨ ਕ੍ਰਾਂਤੀ' ਮਾਰਚ ਨੇ ਹੋਸ਼ੰਗਾਬਾਦ ਰੋਡ ਦੇ ਮੁੱਖ ਹਿੱਸੇ ਨੂੰ ਪੂਰੀ ਤਰ੍ਹਾਂ ਠੱਪ ਕਰ ਦਿੱਤਾ। ਵਿਰੋਧ ਪ੍ਰਦਰਸ਼ਨ ਕਿਸਾਨ ਵਫਦ ਅਤੇ ਸੂਬਾਈ ਖੇਤੀਬਾੜੀ ਮੰਤਰੀ ਅੰਦਾਲ ਸਿੰਘ ਕੰਸਾਨਾ ਵਿਚਕਾਰ ਮੰਗਲਵਾਰ ਗੱਲਬਾਤ ਦਾ ਨਤੀਜਾ ਨਾ ਨਿਕਲਣ ਤੋਂ ਬਾਅਦ ਤੇਜ਼ ਹੋਇਆ। ਹਾਲਾਂਕਿ ਮੰਤਰੀ ਨੇ ਸੋਸ਼ਲ ਮੀਡੀਆ 'ਤੇ ਉਸਾਰੂ ਗੱਲਬਾਤ ਦਾ ਦਾਅਵਾ ਕੀਤਾ, ਪਰ ਕਿਸਾਨ ਅੜੇ ਰਹੇ। ਕੰਸਾਨਾ ਨੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਕਿ ਮੱਧ ਪ੍ਰਦੇਸ਼ ਦਾ ਖਰੀਦ ਟੀਚਾ 4.54 ਲੱਖ ਟਨ ਤੋਂ ਵਧਾ ਕੇ 8.06 ਲੱਖ ਟਨ ਕੀਤਾ ਜਾਵੇ। ਇਸ ਸਾਲ, ਰਾਜ ਵਿੱਚ 20.16 ਲੱਖ ਟਨ ਮੂੰਗੀ ਪੈਦਾ ਹੋਣ ਦਾ ਅਨੁਮਾਨ ਹੈ। ਕਿਸਾਨਾਂ ਦੀਆਂ ਮੁੱਖ ਮੰਗਾਂ ਵਿੱਚ ਮੂੰਗੀ ਦੀ ਪੂਰੀ ਸਰਕਾਰੀ ਖਰੀਦ, ਖਾਦ ਵੰਡ ਲਈ ਈ-ਟੋਕਨ ਪ੍ਰਣਾਲੀ ਨੂੰ ਖਤਮ ਕਰਨਾ, ਘੱਟ ਬਾਰਿਸ਼ ਦੇ ਸਮੇਂ ਦੌਰਾਨ ਲੋੜੀਂਦੀ ਬਿਜਲੀ ਅਤੇ ਭਾਵਾਂਤਰ ਯੋਜਨਾ ਨੂੰ ਖਤਮ ਕਰਨਾ ਸ਼ਾਮਲ ਹੈ। ਇਸ ਦੌਰਾਨ, ਹਾਈ ਕੋਰਟ ਨੇ 'ਈ-ਵਿਕਾਸ' ਖਾਦ ਵੰਡ ਪ੍ਰਣਾਲੀ ਨੂੰ ਚੁਣੌਤੀ ਦੇਣ ਵਾਲੀ ਖੇਤੀਬਾੜੀ ਐਕਸਚੇਂਜ ਐਸੋਸੀਏਸ਼ਨ ਦੁਆਰਾ ਦਾਇਰ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਅਦਾਲਤ ਨੇ ਸਪੱਸ਼ਟ ਕੀਤਾ ਕਿ ਇਹ ਕਾਲਾਬਾਜ਼ਾਰੀ ਅਤੇ ਜਮ੍ਹਾਂਖੋਰੀ ਨੂੰ ਰੋਕਣ ਲਈ ਕੇਂਦਰ ਸਰਕਾਰ ਦਾ ਨੀਤੀਗਤ ਫੈਸਲਾ ਹੈ। ਕਿਸਾਨ ਸਰਵਰ ਅਤੇ ਤਕਨੀਕੀ ਮੁੱਦਿਆਂ ਕਾਰਨ ਸਿਸਟਮ ਦਾ ਵਿਰੋਧ ਕਰ ਰਹੇ ਹਨ। ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਸੁਰੱਖਿਆ ਬਲਾਂ ਦੀ ਭਾਰੀ ਤਾਇਨਾਤੀ ਕੀਤੀ ਗਈ ਹੈ। ਪੁਲਸ ਨੇ ਉਨ੍ਹਾਂ ਨੂੰ ਰੋਕਣ ਲਈ ਬੱਸਾਂ ਤਾਇਨਾਤ ਕੀਤੀਆਂ, ਪਰ ਕਿਸਾਨ ਉਨ੍ਹਾਂ ਵਿੱਚ ਵੀ ਚੜ੍ਹ ਗਏ। ਬਹੁਤ ਸਾਰੇ ਕਿਸਾਨ ਅੱਧ ਨੰਗੇ ਹੋ ਕੇ ਨਾਅਰੇਬਾਜ਼ੀ ਕਰ ਰਹੇ ਸਨ। ਕਿਸਾਨ ਆਪਣੀਆਂ ਮੰਗਾਂ ਲਈ ਦਬਾਅ ਪਾਉਣ ਲਈ ਮੁੱਖ ਮੰਤਰੀ ਦੇ ਨਿਵਾਸ ਵੱਲ ਵਧਣ ਦੀ ਕੋਸ਼ਿਸ਼ • ਬਾਕੀ ਸਫਾ 2 'ਤੇ

## ਪੇਪਰ ਲੀਕ ਰੋਕਣ ਵਾਲਾ ਬਿੱਲ ਪਾਸ

**ਨਵੀਂ ਦਿੱਲੀ** : ਲੋਕ ਸਭਾ ਨੇ ਬੁੱਧਵਾਰ ਵਿਰੋਧੀ ਧਿਰ ਦੇ ਹੰਗਾਮੇ ਦੌਰਾਨ ਪੇਪਰ ਲੀਕ ਨਾਲ ਸੰਬੰਧਤ ਜਨਤਕ ਪ੍ਰੀਖਿਆਵਾਂ (ਅਨਿਆਂਪੂਰਨ ਸਾਧਨਾਂ ਦੀ ਰੋਕਥਾਮ) ਸੋਧ ਬਿੱਲ, 2026 ਨੂੰ ਜ਼ੁਬਾਨੀ ਵੋਟ ਨਾਲ ਪਾਸ ਕਰ ਦਿੱਤਾ। ਇਸ ਵਿੱਚ 7 ਸਾਲ ਦੀ ਕੈਦ ਅਤੇ 10 ਕਰੋੜ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਹੈ।

## ਅੰਮ੍ਰਿਤਪਾਲ ਸਿੰਘ ਦੀ ਰਿਹਾਈ ਲਈ ਪ੍ਰਦਰਸ਼ਨ

**ਚੰਡੀਗੜ੍ਹ** : ਮੁਹਾਲੀ ਵੱਲੋਂ ਆ ਰਹੇ ਰੋਸ ਮਾਰਚ ਨੂੰ ਰੋਕਣ ਲਈ ਪੁਲਸ ਵੱਲੋਂ ਕੀਤੀ ਗਈ ਬੈਰੀਕੇਡਿੰਗ ਦੌਰਾਨ ਸਥਿਤੀ ਉਸ ਸਮੇਂ ਤਣਾਅਪੂਰਨ ਹੋ ਗਈ, ਜਦੋਂ 'ਵਾਰਿਸ ਪੰਜਾਬ ਦੇ' ਅਤੇ ਅਕਾਲੀ ਦਲ ਨਾਲ ਜੁੜਿਆ ਇੱਕ ਨੌਜਵਾਨ ਪ੍ਰਦਰਸ਼ਨਕਾਰੀ ਪੁਲਸ ਵੱਲੋਂ ਤਾਇਨਾਤ ਕੀਤੀ ਗਈ ਵਾਟਰ ਕੈਨਨ ਵਾਲੀ ਗੱਡੀ 'ਤੇ ਜਾ ਚੜ੍ਹਿਆ। ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਹੋਰ ਬੰਦੀ ਸਿੰਘਾਂ ਦੀ ਤੁਰੰਤ ਰਿਹਾਈ ਦੀ ਮੰਗ ਕਰ ਰਹੇ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਵੱਲੋਂ ਚੰਡੀਗੜ੍ਹ ਵਿੱਚ ਦਾਖਲ ਹੋਣ ਅਤੇ ਮੁੱਖ ਮੰਤਰੀ ਨਿਵਾਸ ਵੱਲ ਵਧਣ ਦੀਆਂ ਕੋਸ਼ਿਸ਼ਾਂ ਤੋਂ ਬਾਅਦ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਭਾਰੀ ਖਿੱਚੋਤਾਣ ਜਾਰੀ ਹੈ, ਜਿਸ ਕਾਰਨ ਪੂਰੇ ਸਰਹੱਦੀ ਖੇਤਰ ਵਿੱਚ ਸੁਰੱਖਿਆ ਬਲ ਪੂਰੀ ਤਰ੍ਹਾਂ ਅਲਰਟ 'ਤੇ ਹਨ। ਇਸ ਤੋਂ ਪਹਿਲਾਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਅਤੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ 'ਬੰਦੀ ਸਿੰਘਾਂ' ਦੀ ਤੁਰੰਤ ਰਿਹਾਈ ਦੀ ਮੰਗ ਨੂੰ ਲੈ ਕੇ ਜਥੇਬੰਦੀ ਨਾਲ ਜੁੜੇ ਹਜ਼ਾਰਾਂ ਆਗੂਆਂ, ਵਰਕਰਾਂ ਅਤੇ ਸਮਰਥਕਾਂ ਵੱਲੋਂ ਬੁੱਧਵਾਰ ਚੰਡੀਗੜ੍ਹ ਵਿਖੇ ਵਿਸ਼ਾਲ ਸ਼ਾਂਤਮਈ ਮਾਰਚ ਸ਼ੁਰੂ ਕਰ ਦਿੱਤਾ ਗਿਆ ਹੈ। ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਹਜ਼ਾਰਾਂ ਪ੍ਰਦਰਸ਼ਨਕਾਰੀ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਵਿਖੇ ਇਕੱਠੇ ਹੋਏ ਤੇ ਕੇਂਦਰ ਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜੀ ਕੀਤੀ।

## ਦਿੱਲੀ ਪੁਲਸ ਦੀ ਸਫਾਈ

**ਨਵੀਂ ਦਿੱਲੀ** : ਪੁਲਸ ਨੇ ਇਨ੍ਹਾਂ ਦਾਅਵਿਆਂ ਨੂੰ ਖਾਰਜ ਕੀਤਾ ਹੈ ਕਿ 'ਸੰਸਦ ਚਲੋ' ਮਾਰਚ ਵਾਲੇ ਦਿਨ ਜੰਤਰ ਮੰਤਰ ਨੇੜੇ ਪੱਥਰਾਂ ਨਾਲ ਭਰਿਆ ਟਰੱਕ ਜਾਣਬੁੱਝ ਕੇ ਖੜ੍ਹਾ ਕੀਤਾ ਗਿਆ ਸੀ। ਉਸ ਨੇ ਕਿਹਾ ਹੈ ਕਿ ਟਰੱਕ ਨੂੰ ਪ੍ਰਦਰਸ਼ਨਾਂ ਤੋਂ ਕਾਫੀ ਸਮਾਂ ਪਹਿਲਾਂ 16 ਜੁਲਾਈ ਨੂੰ ਇੱਕ ਵੈਨ ਨਾਲ ਟੱਕਰ ਹੋਣ ਤੋਂ ਬਾਅਦ ਜ਼ਬਤ ਕੀਤਾ ਗਿਆ ਸੀ, ਜਿਸ ਵਿੱਚ ਛੇ ਲੋਕ ਜ਼ਖਮੀ ਹੋ ਗਏ ਸਨ। ਉਸ ਨੂੰ ਸ਼ੁਰੂ ਵਿੱਚ ਥਾਂ ਦੀ ਘਾਟ ਕਾਰਨ ਸੁਰੱਖਿਅਤ ਹਿਰਾਸਤ ਲਈ ਸੰਸਦ ਸਟ੍ਰੀਟ ਪੁਲਸ ਸਟੇਸ਼ਨ ਦੇ ਨੇੜੇ ਖੜ੍ਹਾ ਕੀਤਾ ਗਿਆ ਸੀ। ਹਾਲਾਂਕਿ, 'ਚਲੋ ਸੰਸਦ' ਅੰਦੋਲਨ ਲਈ ਵਿਆਪਕ ਕਾਨੂੰਨ ਅਤੇ ਵਿਵਸਥਾ ਦੇ ਪ੍ਰਬੰਧਾਂ ਦੇ ਮੱਦੇਨਜ਼ਰ, ਟਰੱਕ ਨੂੰ ਖਾਲੀ ਕਰਵਾ ਲਿਆ ਗਿਆ ਅਤੇ ਇਸ ਦੇ ਮਾਲਕ ਨੂੰ ਉਚਿਤ ਨਿਰਦੇਸ਼ ਜਾਰੀ ਕੀਤੇ ਜਾਣ ਤੋਂ ਬਾਅਦ 20 ਜੁਲਾਈ ਨੂੰ ਤੜਕੇ ਇੱਕ ਸੁਰੱਖਿਅਤ ਸਥਾਨ 'ਤੇ ਤਬਦੀਲ ਕਰ ਦਿੱਤਾ ਗਿਆ।

ਇਸ ਦਾਅਵੇ ਨੂੰ ਰੱਦ ਕਰਦਿਆਂ ਕਿ ਟਰੱਕ ਪ੍ਰਦਰਸ਼ਨਕਾਰੀਆਂ ਵਿਰੁੱਧ ਕਿਸੇ ਸਾਜ਼ਿਸ਼ ਦਾ ਹਿੱਸਾ ਸੀ, ਦਿੱਲੀ ਪੁਲਸ ਨੇ ਅਜਿਹੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਬੇਬੁਨਿਆਦ ਕਰਾਰ ਦਿੱਤਾ ਅਤੇ ਜਨਤਾ ਨੂੰ ਅਪੀਲ ਕੀਤੀ ਕਿ ਉਹ ਗੈਰ-ਪ੍ਰਮਾਣਤ ਜਾਣਕਾਰੀ ਨਾ ਫੈਲਾਉਣ।

## ਦਿੱਲੀ ਪੁਲਸ ਦੀ 'ਐੱਕਸ' ਨੂੰ ਹਦਾਇਤ

**ਨਵੀਂ ਦਿੱਲੀ** (ਨ ਜ਼ ਸ) : ਦਿੱਲੀ ਪੁਲਸ ਨੇ ਸੋਸ਼ਲ ਮੀਡੀਆ ਪਲੇਟਫਾਰਮ ਐੱਕਸ ਨੂੰ ਪੱਤਰ ਲਿਖ ਕੇ ਸੰਵਿਧਾਨਕ ਮੁਖੀਆਂ ਨੂੰ ਨਿਸ਼ਾਨਾ ਬਣਾਉਣ ਵਾਲੀ ਕਥਿਤ ਤੌਰ 'ਤੇ ਦੁਰਭਾਵਨਾ ਭਰੀ ਅਤੇ ਅਪਮਾਨਜਨਕ ਸਮੱਗਰੀ ਨੂੰ ਹਟਾਉਣ ਦੀ ਮੰਗ ਕੀਤੀ ਹੈ। ਉਸ ਨੇ ਉਸ ਐੱਕਸ ਖਾਤੇ ਦੇ ਪੂਰੇ ਰਜਿਸਟਰੈਂਟ ਵੇਰਵੇ ਵੀ ਮੰਗੇ ਹਨ, ਜਿਸ ਤੋਂ ਸਮੱਗਰੀ ਅਪਲੋਡ ਕੀਤੀ ਗਈ ਸੀ, ਜਿਸ ਵਿੱਚ ਖਾਤਾਧਾਰਕ ਦਾ ਪੂਰਾ ਨਾਂਅ, ਪਤਾ, ਸੰਪਰਕ ਵੇਰਵੇ ਅਤੇ ਈਮੇਲ ਆਈ ਡੀ ਸ਼ਾਮਲ ਹਨ। ਪੁਲਸ ਨੇ ਅੱਗੇ ਐੱਕਸ ਨੂੰ ਖਾਤੇ ਦੇ ਲੌਗਇਨ ਅਤੇ ਲੌਗਆਊਟ ਰਿਕਾਰਡ, ਮਿਤੀ ਅਤੇ ਸਮੇਂ ਦੀਆਂ ਮੋਹਰਾਂ ਦੇ ਨਾਲ-ਨਾਲ ਜਾਂਚ ਵਿੱਚ ਸਹਾਇਤਾ ਕਰਨ ਵਾਲੀ ਕੋਈ ਹੋਰ ਜਾਣਕਾਰੀ ਪ੍ਰਦਾਨ ਕਰਨ ਲਈ ਕਿਹਾ ਹੈ। ਪਲੇਟਫਾਰਮ ਨੂੰ ਭਵਿੱਖ ਦੀ ਜਾਂਚ ਲਈ ਕਥਿਤ ਪੋਸਟ ਜਾਂ ਵੀਡੀਓ ਨਾਲ ਸੰਬੰਧਤ ਸਾਰੇ ਰਿਕਾਰਡ ਸੁਰੱਖਿਅਤ ਰੱਖਣ ਦਾ ਨਿਰਦੇਸ਼ ਵੀ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਦਿੱਲੀ ਪੁਲਸ ਨੇ ਭਾਰਤੀ ਸਾਕਸ਼ਯ ਅਧਿਨੀਅਮ (ਬੀ ਐਸ ਏ) ਦੀ ਧਾਰਾ 63(4) ਦੇ ਤਹਿਤ ਇੱਕ ਸਰਟੀਫਿਕੇਟ ਮੰਗਿਆ ਹੈ। ਪੁਲਸ ਕਾਰਵਾਈ ਵਿਰੋਧ ਪ੍ਰਦਰਸ਼ਨਾਂ ਦੌਰਾਨ ਅਤੇ ਬਾਅਦ ਵਿੱਚ ਅਪਲੋਡ ਕੀਤੀ ਗਈ ਸਮੱਗਰੀ ਦੀ ਸਮੀਖਿਆ ਤੋਂ ਬਾਅਦ ਕੀਤੀ ਗਈ ਹੈ। ਪੁਲਸ ਅਧਿਕਾਰੀਆਂ ਨੇ ਕਾਨੂੰਨ ਦੀ ਸੰਭਾਵਤ ਉਲੰਘਣਾ ਅਤੇ ਜਨਤਕ ਵਿਵਸਥਾ 'ਤੇ ਉਨ੍ਹਾਂ ਦੇ ਸੰਭਾਵੀ ਪ੍ਰਭਾਵ ਲਈ ਕਈ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪੋਸਟਾਂ, ਵੀਡੀਓਜ਼ ਅਤੇ ਟਿੱਪਣੀਆਂ ਦੀ ਜਾਂਚ ਕੀਤੀ ਹੈ। ਦਿੱਲੀ ਪੁਲਸ ਨੇ ਪਹਿਲਾਂ ਕਿਹਾ ਸੀ ਕਿ ਉਨ੍ਹਾਂ ਨੇ 400 ਤੋਂ ਵੱਧ ਸੋਸ਼ਲ ਮੀਡੀਆ ਹੈਂਡਲਾਂ ਦੀ ਪਛਾਣ ਕੀਤੀ ਹੈ, ਜੋ ਕਥਿਤ ਤੌਰ 'ਤੇ ਪਾਕਿਸਤਾਨ ਨਾਲ ਜੁੜੇ ਹੋਏ ਹਨ ਅਤੇ ਜੋ ਪ੍ਰਦਰਸ਼ਨਾਂ ਨਾਲ ਸੰਬੰਧਤ ਜਾਅਲੀ ਬਿਰਤਾਂਤਾਂ, ਅਫਵਾਹਾਂ ਅਤੇ ਡੀਪ ਫੇਕ ਵੀਡੀਓਜ਼ ਨੂੰ ਸਰਗਰਮੀ ਨਾਲ ਪ੍ਰਸਾਰਤ ਕਰ ਰਹੇ ਸਨ।

## ਸਰਕਾਰ ਨੇ ਸ੍ਰੀ ਅਕਾਲ ਤਖਤ ਨੂੰ 28 ਸਫਿਆਂ ਦਾ ਪੱਤਰ ਸੌਂਪਿਆ



**ਅੰਮ੍ਰਿਤਸਰ** (ਨ ਜ਼ ਸ) : ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਤ ਜੋਤ ਸੋਧ ਐਕਟ 2026 ਦੀਆਂ ਇਤਰਾਜ਼ਯੋਗ ਮੱਦਾਂ ਅਤੇ ਇਤਰਾਜ਼ਯੋਗ ਸ਼ਬਦਾਵਲੀ ਨੂੰ ਹਟਾਉਣ ਵਾਸਤੇ ਸ੍ਰੀ ਅਕਾਲ ਤਖਤ ਵੱਲੋਂ ਸਰਕਾਰ ਨੂੰ ਦਿੱਤੇ ਗਏ ਨਿਰਧਾਰਤ ਸਮੇਂ ਦੀ ਮਿਆਦ ਖਤਮ ਹੋਣ ਤੋਂ ਬਾਅਦ ਬੁੱਧਵਾਰ ਸਰਕਾਰ ਵੱਲੋਂ ਸ੍ਰੀ ਅਕਾਲ ਤਖਤ ਵਿਖੇ ਇੱਕ ਪੱਤਰ ਸੌਂਪਿਆ ਗਿਆ।

ਇਹ ਪੱਤਰ ਪੰਜਾਬ ਸਰਕਾਰ ਦੇ ਨੁਮਾਇੰਦੇ ਵਜੋਂ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਅਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲੋਂ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਸੌਂਪਿਆ ਗਿਆ। ਇਸ ਵਿੱਚ ਬੇਅਦਬੀ ਰੋਕੂ ਕਾਨੂੰਨ ਵਿੱਚ ਇਤਰਾਜ਼ਯੋਗ ਮੱਦਾਂ ਸੰਬੰਧੀ ਸਰਕਾਰ ਦਾ ਪੱਖ ਤੇ ਇੱਕ ਖਰੜਾ ਸ਼ਾਮਲ ਹੈ, ਜੋ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਨੂੰ ਸੌਂਪਿਆ ਗਿਆ।

ਦੱਸਿਆ ਜਾਂਦਾ ਹੈ ਕਿ ਸ੍ਰੀ ਅਕਾਲ ਤਖਤ ਵੱਲੋਂ ਸਰਕਾਰੀ ਨੁਮਾਇੰਦਿਆਂ ਨੂੰ ਕਿਹਾ ਗਿਆ ਕਿ ਭੇਜੇ ਗਏ ਖਰੜੇ ਨੂੰ ਘੋਖਣ ਦਾ ਸਮਾਂ ਦਿੱਤਾ ਜਾਵੇ। ਇਸ ਬਾਰੇ ਸਿੱਖ ਸੰਸਥਾਵਾਂ ਦੀ ਸਹਿਮਤੀ ਹੋਣਾ ਜ਼ਰੂਰੀ ਹੈ। ਇਹ 28 ਸਫਿਆਂ ਦਾ ਖਰੜਾ ਹੈ। ਇਸ ਪੱਤਰ ਵਿੱਚ ਤਿੰਨ ਅਗਸਤ ਨੂੰ ਸਰਕਾਰ ਵੱਲੋਂ ਸੱਦੇ ਗਏ ਵਿਧਾਨ ਸਭਾ ਦੇ ਸੈਸ਼ਨ ਦਾ ਕੋਈ ਜ਼ਿਕਰ ਨਹੀਂ ਹੈ, ਜਿਸ ਬਾਰੇ ਚਰਚਾ ਹੈ ਕਿ ਸਰਕਾਰ ਵੱਲੋਂ ਇਸ ਸੈਸ਼ਨ ਵਿੱਚ ਇਤਰਾਜ਼ਯੋਗ ਮੱਦਾਂ ਨੂੰ ਦਰੁਸਤ ਕੀਤਾ ਜਾ ਸਕਦਾ। ਸ੍ਰੀ ਅਕਾਲ ਤਖਤ ਵੱਲੋਂ ਸਰਕਾਰੀ ਨੁਮਾਇੰਦਿਆਂ ਨੂੰ ਕਿਹਾ ਗਿਆ ਹੈ ਕਿ ਪਹਿਲਾਂ ਵੀ ਇਸ ਮਾਮਲੇ ਵਿੱਚ ਸਰਕਾਰ ਵੱਲੋਂ ਕਾਹਲੀ ਕੀਤੀ ਗਈ ਸੀ ਅਤੇ ਮੁੜ ਕਾਹਲੀ ਨਾ ਕੀਤੀ ਜਾਵੇ। ਉਸ ਨੇ ਸਰਕਾਰ ਨੂੰ ਸੰਦੇਸ਼ ਭਿਜਵਾਇਆ ਹੈ ਕਿ ਇਸ ਮਾਮਲੇ ਵਿੱਚ ਇੱਕ ਸਾਂਝੀ ਕਮੇਟੀ ਬਣਾਈ ਜਾਣੀ ਚਾਹੀਦੀ ਹੈ ਤਾਂ ਜੋ ਇਸ ਐਕਟ ਨੂੰ ਅੰਤਮ ਪ੍ਰਵਾਨਗੀ ਦੇਣ ਤੋਂ ਪਹਿਲਾਂ ਇਤਰਾਜ਼ਯੋਗ ਮੱਦਾਂ ਅਤੇ ਸ਼ਬਦਾਵਲੀ ਨੂੰ ਹਟਾਇਆ ਜਾ ਸਕੇ ਅਤੇ ਇਸ ਸੰਬੰਧ ਵਿੱਚ ਸਹਿਮਤੀ ਬਣਾਈ ਜਾ ਸਕੇ। 29 ਜੂਨ ਨੂੰ ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖਤ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਾਰੇ ਸਿੱਖ ਵਿਧਾਇਕਾਂ ਅਤੇ ਮੰਤਰੀਆਂ ਨੂੰ ਤਲਬ ਕੀਤਾ ਗਿਆ ਸੀ, ਜਿੱਥੇ ਉਨ੍ਹਾਂ ਨੂੰ ਇਸ ਕਾਨੂੰਨ ਵਿੱਚ ਇਤਰਾਜ਼ਯੋਗ ਮੱਦਾਂ ਨੂੰ ਹਟਾਉਣ ਅਤੇ ਇਤਰਾਜ਼ਯੋਗ ਸ਼ਬਦਾਵਲੀ ਨੂੰ ਠੀਕ ਕਰਨ ਲਈ ਆਦੇਸ਼ ਦਿੱਤੇ ਗਏ ਸਨ। ਇਸ ਸੰਬੰਧ ਵਿੱਚ ਸਰਕਾਰ ਨੂੰ ਇੱਕ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ, ਜੋ 28 ਜੁਲਾਈ ਨੂੰ ਸਮਾਪਤ ਹੋ ਗਿਆ ਹੈ। ਇੱਕ ਮਹੀਨੇ ਦੇ ਨਿਰਧਾਰਿਤ ਸਮੇਂ ਵਿੱਚ ਸਰਕਾਰ ਵੱਲੋਂ ਸੋਧ ਸੰਬੰਧੀ ਦਿੱਤੀ ਸਹਿਮਤੀ ਬਾਰੇ ਕੋਈ ਜਵਾਬ ਨਾ ਆਉਣ ਕਾਰਨ ਸ੍ਰੀ ਅਕਾਲ ਤਖਤ ਵੱਲੋਂ ਇਸ ਮਾਮਲੇ 'ਤੇ ਚਿੰਤਾ ਪ੍ਰਗਟਾਈ ਗਈ ਸੀ। ਮੰਗਲਵਾਰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਸੀ ਕਿ ਮਿਆਦ ਖਤਮ ਹੋਣ ਤੱਕ ਸ਼ਾਮ 5 ਵਜੇ ਤੱਕ ਸਰਕਾਰ ਵੱਲੋਂ ਕੋਈ ਵੀ ਹੁੰਗਾਰਾ ਨਹੀਂ ਆਇਆ।

## ਕੰਗਨਾ-ਕਾਕਰੋਚ—ਪਾਰਟ ਟੂ




**ਨਵੀਂ ਦਿੱਲੀ** (ਨ ਜ਼ ਸ) : ਜਨਰੇਸ਼ਨ ਜ਼ੈੱਡ ਬਾਰੇ 'ਜਨਰੇਸ਼ਨ ਗਟਰ' ਵਾਲੇ ਆਪਣੇ ਬਿਆਨ ਤੋਂ ਅਗਲੇ ਹੀ ਦਿਨ ਬੁੱਧਵਾਰ ਭਾਜਪਾ ਸਾਂਸਦ ਤੇ ਅਦਾਕਾਰਾ ਕੰਗਨਾ ਰਣੌਤ ਨੇ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਆਗੂ ਸੌਰਵ ਦਾਸ ਦੇ ਵਿਦਿਆਰਥੀ ਹੋਣ ਦੀ ਪਛਾਣ 'ਤੇ ਸਵਾਲ ਚੁੱਕਦਿਆਂ ਉਸ ਨੂੰ 'ਨਿਕੰਮਾ' ਅਤੇ 'ਬੇਰੁਜ਼ਗਾਰ' ਕਰਾਰ ਦਿੱਤਾ ਹੈ। ਆਪਣੀ ਇੰਸਟਾਗ੍ਰਾਮ ਸਟੋਰੀਜ਼ 'ਚ ਸੌਰਵ ਦਾਸ ਦੇ ਏ ਐੱਨ ਆਈ ਇੰਟਰਵਿਊ ਦਾ ਸਕ੍ਰੀਨਸ਼ਾਟ ਸਾਂਝਾ ਕਰਦਿਆਂ ਕੰਗਨਾ ਨੇ ਲਿਖਿਆ, "ਮੈਂ ਇਸ ਵਿਅਕਤੀ ਬਾਰੇ ਗੂਗਲ ਕੀਤਾ ਤਾਂ ਪਤਾ ਲੱਗਾ ਕਿ ਇਹ 28 ਸਾਲ ਦਾ ਹੈ, ਇਹ ਖੁਦ ਨੂੰ ਵਿਦਿਆਰਥੀ ਕਿਵੇਂ ਦੱਸ ਰਿਹਾ ਹੈ, ਮੈਨੂੰ ਨਹੀਂ ਸਮਝ ਆ ਰਹੀ! ਮੈਂ ਪਿਛਲੇ 2 ਸਾਲਾਂ ਤੋਂ ਰਾਜਨੀਤੀ ਵਿੱਚ ਹਾਂ, ਪਰ ਮੈਂ ਪਿਛਲੇ 20 ਸਾਲਾਂ ਤੋਂ ਜਨਤਕ ਜੀਵਨ ਵਿੱਚ ਹਾਂ। ਉਸ ਦੀ ਉਮਰ 'ਚ ਮੇਰੇ ਕੋਲ 2 ਨੈਸ਼ਨਲ ਐਵਾਰਡ ਸਨ।" ਆਪਣੇ ਫਿਲਮੀ ਅਤੇ ਸਿਆਸੀ ਕਰੀਅਰ ਦਾ ਬਚਾਅ ਕਰਦਿਆਂ ਕੰਗਨਾ ਨੇ ਅੱਗੇ ਕਿਹਾ, "ਇੱਕ ਨਵੀਂ ਸੰਸਦ ਮੈਂਬਰ ਵਜੋਂ ਮੈਂ ਕੰਮ ਦੇ ਬੋਝ ਕਾਰਨ ਪ੍ਰੇਸ਼ਾਨ ਸੀ, ਕਿਉਂਕਿ ਮੈਂ ਇੱਕ ਫਿਲਮ ਨਿਰਮਾਤਾ, ਅਦਾਕਾਰਾ, ਸਕ੍ਰੀਨ ਰਾਈਟਰ ਅਤੇ ਕਾਰੋਬਾਰੀ ਵੀ ਹਾਂ, ਪਰ ਉਸ ਵਰਗਾ ਵਿਅਕਤੀ, ਜੋ ਪੂਰੀ ਤਰ੍ਹਾਂ ਨਿਕੰਮਾ ਅਤੇ ਬੇਰੁਜ਼ਗਾਰ ਹੈ, ਉਹ ਕਦੇ ਨਹੀਂ ਸਮਝ ਸਕਦਾ ਕਿ ਹਰ ਉਮਰ ਵਿੱਚ ਮੰਗ ਵਿੱਚ ਹੋਣ ਦਾ ਕੀ ਮਤਲਬ ਹੁੰਦਾ ਹੈ।" ਸੌਰਵ ਦਾਸ ਨੂੰ ਸਿੱਧੇ ਤੌਰ 'ਤੇ ਸੰਬੋਧਨ ਕਰਦਿਆਂ ਉਸ ਨੇ ਲਿਖਿਆ, "ਸੌਰਵ, ਤੁਹਾਡੇ ਮੁੱਦੇ ਨਿੱਜੀ ਹਨ। ਤੁਸੀਂ ਵਿਦਿਆਰਥੀ ਨਹੀਂ ਹੋ, ਤੁਸੀਂ ਸਿਰਫ ਨਿਕੰਮੇ ਹੋ, ਚੰਗਾ ਹੋਵੇਗਾ ਕਿ ਕੋਈ ਹੁਨਰ ਸਿੱਖਣਾ ਸ਼ੁਰੂ ਕਰੋ।" ਜ਼ਿਕਰਯੋਗ ਹੈ ਕਿ ਇਹ ਵਿਵਾਦ ਉਸ ਸਮੇਂ ਵਧਿਆ ਜਦੋਂ ਸੌਰਵ ਦਾਸ ਨੇ ਕੰਗਨਾ ਦੇ 'ਜਨਰੇਸ਼ਨ ਗਟਰ' ਵਾਲੇ ਬਿਆਨ ਨੂੰ ਖਾਰਜ ਕਰਦਿਆਂ ਕਿਹਾ ਸੀ ਕਿ ਉਸ ਨੂੰ ਉਸ ਦੀ ਆਪਣੀ ਪਾਰਟੀ ਜਾਂ ਨਵੀਂ ਪੀੜ੍ਹੀ ਗੰਭੀਰਤਾ ਨਾਲ ਨਹੀਂ ਲੈਂਦੀ। ਕੰਗਨਾ ਦੀ ਗਟਰ ਵਾਲੀ ਟਿੱਪਣੀ ਦਾ ਵਿਆਪਕ ਵਿਰੋਧ ਹੋਇਆ ਹੈ। ਬਹੁਤ ਸਾਰੇ ਯੂਜ਼ਰਸ ਉਸ ਦੇ • ਬਾਕੀ ਸਫਾ 2 'ਤੇ

## ਸਫਾਈ ਸੇਵਕਾਂ ਨੂੰ ਸਰਕਾਰ ਦੀ ਪੇਸ਼ਕਸ਼ ਮਨਜ਼ੂਰ ਨਹੀਂ

**ਚੰਡੀਗੜ੍ਹ** (ਨ ਜ਼ ਸ) : ਪੰਜਾਬ ਸਰਕਾਰ ਵੱਲੋਂ ਐਲਾਨੇ ਵੱਡੇ ਰਾਹਤ ਪੈਕੇਜ ਨੂੰ ਸਫਾਈ ਕਰਮਚਾਰੀ ਯੂਨੀਅਨਾਂ ਨੇ ਰੱਦ ਕਰਦਿਆਂ ਸੂਬਾ ਪੱਧਰੀ ਹੜਤਾਲ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਹੜਤਾਲੀ ਮੁਲਾਜ਼ਮਾਂ ਲਈ ਪੈਕੇਜ ਦਾ ਐਲਾਨ ਕੀਤਾ ਸੀ, ਜਿਸ ਤਹਿਤ ਤਨਖਾਹਾਂ ਵਿੱਚ ਵਾਧਾ ਅਤੇ ਮੁਲਾਜ਼ਮਾਂ ਨੂੰ ਰੈਗੂਲਰ ਕਰਨਾ ਸ਼ਾਮਲ ਸੀ। ਕੱਚੇ ਸਫਾਈ ਕਰਮਚਾਰੀਆਂ ਦੀ ਮਹੀਨਾਵਾਰ ਤਨਖਾਹ 1 ਅਗਸਤ ਤੋਂ ਵਧਾ ਕੇ 20,520 ਰੁਪਏ ਕਰਨ ਦੀ ਪੇਸ਼ਕਸ਼ ਨੂੰ ਨਕਾਰਦਿਆਂ ਮੁਲਾਜ਼ਮ ਆਗੂਆਂ ਨੇ ਕਿਹਾ ਕਿ ਕਟੌਤੀਆਂ ਤੋਂ ਬਾਅਦ ਹੱਥ ਵਿੱਚ ਸਿਰਫ 16,000 ਰੁਪਏ ਦੇ ਕਰੀਬ ਹੀ ਆਉਂਦੇ ਹਨ। ਸਫਾਈ ਕਰਮਚਾਰੀ ਯੂਨੀਅਨ ਦੇ ਜਨਰਲ ਸਕੱਤਰ ਗਾਈ ਚੰਦ ਨੇ ਕਿਹਾ, 'ਸਾਡੀ ਮੰਗ ਘੱਟੋ-ਘੱਟ 40,000 ਰੁਪਏ ਤਨਖਾਹ ਦੀ ਹੈ, ਇਸ ਲਈ ਅਸੀਂ ਇਸ ਆਫਰ ਨੂੰ ਰੱਦ ਕਰਦੇ ਹਾਂ।'

ਬੈਂਸ ਨੇ ਦੱਸਿਆ ਸੀ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ 3 ਸਾਲ ਦੀ ਸੇਵਾ ਪੂਰੀ ਕਰ ਚੁੱਕੇ ਆਊਟਸੋਰਸ ਮੁਲਾਜ਼ਮਾਂ ਨੂੰ ਸਿੱਧੇ ਠੇਕੇ 'ਤੇ ਲਿਆਉਣ ਅਤੇ 5 ਸਾਲ ਦੀ ਸੇਵਾ ਪੂਰੀ ਕਰ ਚੁੱਕੇ ਜਾਂ 2021 'ਚ ਭਰਤੀ ਹੋਏ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਇਤਿਹਾਸਕ ਫੈਸਲਾ ਲਿਆ ਹੈ।

## ਸਿੱਖਿਆ ਤੇ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਹੱਲ ਕਰਨ ਦੀ ਪ੍ਰਕਿਰਿਆ ਤੇਜ਼ ਕਰਨ ਦੇ ਨਿਰਦੇਸ਼



**ਚੰਡੀਗੜ੍ਹ** (ਗੁਰਜੀਤ ਬਿੱਲਾ) : ਪੰਜਾਬ ਦੇ ਵਿੱਤ ਮੰਤਰੀ ਅਤੇ ਮੁਲਾਜ਼ਮਾਂ ਦੇ ਮੁੱਦਿਆਂ ਦੇ ਹੱਲ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਹਰਪਾਲ ਸਿੰਘ ਚੀਮਾ ਨੇ ਬੁੱਧਵਾਰ ਸਿੱਖਿਆ ਵਿਭਾਗ ਦੀਆਂ 7 ਅਤੇ ਬਿਜਲੀ ਵਿਭਾਗ ਦੀਆਂ 2 ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਕੀਤੀਆਂ ਵਿਸਥਾਰਤ ਬੈਠਕਾਂ ਦੌਰਾਨ ਸਿੱਖਿਆ ਅਤੇ ਬਿਜਲੀ ਵਿਭਾਗਾਂ ਨੂੰ ਵਿਆਪਕ ਨਿਰਦੇਸ਼ ਜਾਰੀ ਕਰਦਿਆਂ ਹਦਾਇਤ ਕੀਤੀ ਕਿ ਅਧਿਕਾਰੀਆਂ ਦੀ ਗਠਿਤ ਕਮੇਟੀ ਰਾਹੀਂ ਸੇਵਾਵਾਂ ਸੰਬੰਧੀ ਮਾਮਲਿਆਂ ਅਤੇ ਵਿੱਤ ਕਮੇਟੀ ਰਾਹੀਂ ਵਿੱਤੀ ਮੁੱਦਿਆਂ ਦੀ ਸਮੀਖਿਆ ਵਿੱਚ ਤੇਜ਼ੀ ਲਿਆਂਦੀ ਜਾਵੇ, ਤਾਂ ਜੋ ਜਲਦ ਤੋਂ ਜਲਦ ਠੋਸ ਅਤੇ ਅਮਲਯੋਗ ਪ੍ਰਸਤਾਵ ਪੇਸ਼ ਕੀਤੇ ਜਾਣ। ਸਿੱਖਿਆ ਖੇਤਰ ਦੀਆਂ ਯੂਨੀਅਨਾਂ ਨਾਲ ਹੋਈਆਂ ਬੈਠਕਾਂ ਦੌਰਾਨ, ਜਿਨ੍ਹਾਂ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੀ ਸ਼ਾਮਲ ਹੋਏ, 3704 ਅਧਿਆਪਕ ਯੂਨੀਅਨ ਦੀਆਂ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ 9 ਜੁਲਾਈ ਨੂੰ ਗਠਿਤ ਕੀਤੀ ਉੱਚ ਪੱਧਰੀ ਕਮੇਟੀ—ਜਿਸ ਵਿੱਚ ਵਿੱਤ ਵਿਭਾਗ, ਪ੍ਰਸੋਨਲ ਵਿਭਾਗ, ਸਕੂਲ ਸਿੱਖਿਆ ਵਿਭਾਗ, ਐਡਵੋਕੇਟ ਜਨਰਲ ਦੇ ਦਫ਼ਤਰ ਦੇ ਅਧਿਕਾਰੀ ਅਤੇ ਯੂਨੀਅਨ ਦੇ ਨੁਮਾਇੰਦੇ ਸ਼ਾਮਲ ਹਨ, ਨੂੰ ਆਪਣੀ ਰਸਮੀ ਤਜਵੀਜ਼ ਜਲਦ ਤੋਂ ਜਲਦ ਸੌਂਪਣ ਦੇ ਨਿਰਦੇਸ਼ ਦਿੱਤੇ। ਈ ਟੀ ਟੀ ਟੈਟ ਪਾਸ ਟੀਚਰਜ਼ ਐਸੋਸੀਏਸ਼ਨ ਵੱਲੋਂ ਉਠਾਈਆਂ ਗਈਆਂ ਵਿੱਤੀ ਚਿੰਤਾਵਾਂ ਨੂੰ ਮੁਖਾਤਬ ਹੁੰਦਿਆਂ ਚੀਮਾ ਨੇ ਵਿੱਤ ਅਤੇ ਸਿੱਖਿਆ ਦੋਵਾਂ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਯੂਨੀਅਨ ਆਗੂਆਂ ਨਾਲ ਤੁਰੰਤ ਸਾਂਝੀ ਬੈਠਕ ਕਰਨ, ਤਾਂ ਜੋ ਸਾਰੀਆਂ ਜਾਇਜ਼ ਸ਼ਿਕਾਇਤਾਂ ਦੇ ਹੱਲ ਲਈ ਢੁਕਵੀਆਂ ਤਜਵੀਜ਼ਾਂ ਤਿਆਰ ਕੀਤੀਆਂ ਜਾ ਸਕਣ। ਸਿੱਖਿਆ ਅਮਲੇ ਨਾਲ ਗੱਲਬਾਤ ਨੂੰ ਹੋਰ ਮਜ਼ਬੂਤ ਕਰਦਿਆਂ ਕੈਬਨਿਟ ਮੰਤਰੀ ਨੇ 'ਯੂਨਾਈਟਿਡ ਫਿਜ਼ੀਕਲ ਐਜੂਕੇਸ਼ਨ ਯੂਨੀਅਨ' ਅਤੇ 'ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ' ਦੇ ਨੁਮਾਇੰਦਿਆਂ ਨਾਲ ਵੀ ਮੁਲਾਕਾਤ ਕੀਤੀ ਅਤੇ ਸਕੂਲ ਸਿੱਖਿਆ ਵਿਭਾਗ ਨੂੰ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਹੱਲ ਕਰਨ ਲਈ ਪ੍ਰਸ਼ਾਸਕੀ ਕਾਰਵਾਈ ਤੇਜ਼ ਕਰਨ ਦੇ ਹੁਕਮ ਦਿੱਤੇ। ਆਰਟ ਅਤੇ ਕ੍ਰਾਫਟ ਅਧਿਆਪਕਾਂ ਦੀਆਂ 250 ਆਸਾਮੀਆਂ ਦੀ ਭਰਤੀ ਸੰਬੰਧੀ ਚਿੰਤਾਵਾਂ 'ਤੇ ਵਿੱਤ ਮੰਤਰੀ ਨੇ ਕਿਹਾ, 'ਪੰਜਾਬ ਸਰਕਾਰ ਇਸ ਦਾ ਇੱਕ ਪ੍ਰਭਾਵਸ਼ਾਲੀ ਹੱਲ ਕੱਢਣ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ।' ਉਨ੍ਹਾ ਯੂਨੀਅਨ ਲੀਡਰਸ਼ਿਪ ਨੂੰ ਆਪਸੀ ਮਤਭੇਦ ਭੁਲਾ ਕੇ ਇੱਕਜੁੱਟ ਮੰਗ ਪੱਤਰ ਸੌਂਪਣ ਦੀ ਅਪੀਲ ਵੀ ਕੀਤੀ, ਤਾਂ ਜੋ ਇੱਕ ਤੇਜ਼, ਨਿਰਪੱਖ ਅਤੇ ਨਿਰਣਾਇਕ ਨਤੀਜਾ ਨਿਕਲ ਸਕੇ। ਇਸ ਤੋਂ ਬਾਅਦ ਪਾਵਰਕਾਮ ਅਤੇ ਟ੍ਰਾਂਸਕੋ ਦੇ ਕੰਟਰੈਕਟ ਵਰਕਰਾਂ ਦੀ ਕੋਆਰਡੀਨੇਸ਼ਨ ਕਮੇਟੀ ਨਾਲ ਹੋਈਆਂ • ਬਾਕੀ ਸਫਾ 2 'ਤੇ

## ਅੱਜ-ਨਾਮਾ

ਦੱਖਣ ਵੱਲੋਂ ਇੱਕ ਹੋਰ ਆ ਖਬਰ ਆਈ,
ਸੰਨ੍ਹ ਮੰਦਰ ਵਿੱਚ ਠੱਗ ਗਏ ਮਾਰ ਭਾਈ।
ਜ਼ਮੀਨ ਮੰਦਰ ਦੀ ਚੁੱਪ-ਚਾਪ ਵੇਚ ਛੱਡੀ,
ਸੁੱਤੀ ਰਹੀ ਫਿਰ ਕਹਿੰਦੇ ਸਰਕਾਰ ਭਾਈ।
ਜਿਹੜੇ ਅਫਸਰ ਸਰਕਾਰ ਆ ਲਾਏ ਓਥੇ,
ਉਹ ਵੀ ਬਣੇ ਕਈ ਠੱਗਾਂ ਦੇ ਯਾਰ ਭਾਈ।
ਆਉਂਦੀ ਚੋਰਾਂ ਨੂੰ ਕਿਤੇ ਨਾ ਕੋਈ ਔਕੜ,
ਸਿਸਟਮ ਜਾਂਦਾ ਈ ਸਾਰੇ ਥਾਂ ਹਾਰ ਭਾਈ।
ਸ਼ਰਧਾਵਾਨਾਂ ਲਈ ਮੁਕਤੀ ਦਾ ਦਰ ਜਿੱਥੇ,
ਫਿਰਦੇ ਓਧਰ ਕਈ ਠੱਗ ਜਾਂ ਚੋਰ ਭਾਈ।
ਨਹੀਂ ਪ੍ਰਬੰਧਕ ਨਾ ਕਦੇ ਸਰਕਾਰ ਰੜਕੀ,
ਵਾਪਰਦੇ ਕਾਂਡ ਨੇ ਹੋਰ ਫਿਰ ਹੋਰ ਭਾਈ।

-ਤੀਸ ਮਾਰ ਖਾਂ

## ਈ-20 ਨਾਲ '23 ਤੋਂ ਪਹਿਲਾਂ ਦੀਆਂ 30 ਕਰੋੜ ਗੱਡੀਆਂ ਖਰਾਬ ਹੋਣਗੀਆਂ : ਕੇਜਰੀਵਾਲ

### 29 'ਚੋਂ 9 ਆਟੋ ਕੰਪਨੀਆਂ ਨੇ ਮੰਨਿਆ, ਮੋਦੀ ਸਰਕਾਰ ਦੇ ਡਰੋਂ ਲਿਖ ਕੇ ਦੇਣ ਲਈ ਤਿਆਰ ਨਹੀਂ



**ਚੰਡੀਗੜ੍ਹ** (ਗੁਰਜੀਤ ਬਿੱਲਾ) : ਈ-20 ਪੈਟਰੋਲ 2023 ਤੋਂ ਪਹਿਲਾਂ ਬਣੀਆਂ ਗੱਡੀਆਂ ਲਈ ਸੁਰੱਖਿਅਤ ਨਹੀਂ ਹੈ, ਇਸ ਦੀ ਵਰਤੋਂ ਨਾਲ ਲੱਗਭੱਗ 30 ਕਰੋੜ ਪੁਰਾਣੀਆਂ ਗੱਡੀਆਂ ਖਰਾਬ ਹੋ ਜਾਣਗੀਆਂ, ਪਰ ਮੋਦੀ ਸਰਕਾਰ ਦੇ ਡਰੋਂ ਇਹ ਗੱਲ ਜਨਤਕ ਤੌਰ 'ਤੇ ਲਿਖ ਕੇ ਦੇਣ ਲਈ ਕੋਈ ਵੀ ਆਟੋ ਨਿਰਮਾਤਾ ਕੰਪਨੀ ਤਿਆਰ ਨਹੀਂ ਹੈ। ਹਾਲਾਂਕਿ ਦੇਸ਼ ਵਿੱਚ ਸਥਿਤ 29 ਵਿੱਚੋਂ 9 ਆਟੋ ਕੰਪਨੀਆਂ ਨੇ ਮੀਟਿੰਗ ਵਿੱਚ ਇਹ ਮੰਨਿਆ ਹੈ ਕਿ ਇਸ ਦੀ ਵਰਤੋਂ ਨਾਲ ਪੁਰਾਣੀਆਂ ਗੱਡੀਆਂ ਨੂੰ ਨੁਕਸਾਨ ਹੋਵੇਗਾ ਅਤੇ ਮਾਈਲੇਜ ਵੀ ਘਟੇਗੀ। ਬੁੱਧਵਾਰ ਨੂੰ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਪੈਟਰੋਲ ਨਾਲੋਂ ਈਥਾਨੌਲ ਮਹਿੰਗਾ ਹੈ, ਮਾਈਲੇਜ ਘੱਟ ਦਿੰਦਾ ਹੈ, ਵਿਦੇਸ਼ੀ ਮੁਦਰਾ ਵੀ ਨਹੀਂ ਬਚਦੀ ਅਤੇ ਨਾ ਹੀ ਕਿਸਾਨਾਂ ਨੂੰ ਫਾਇਦਾ ਹੈ, ਫਿਰ ਮੋਦੀ ਦੀ ਇੰਨੀ ਦਿਲਚਸਪੀ ਕਿਉਂ? ਗੱਡੀ ਅਤੇ ਪੈਟਰੋਲ ਜਨਤਾ ਨੇ ਵਰਤਣਾ ਹੈ, ਫਿਰ ਮੋਦੀ ਸਰਕਾਰ ਈਥਾਨੌਲ ਜ਼ਬਰਦਸਤੀ ਕਿਉਂ ਥੋਪ ਰਹੀ ਹੈ?

ਬੁੱਧਵਾਰ ਨਵੀਂ ਦਿੱਲੀ ਵਿਖੇ ਪ੍ਰੈੱਸ ਕਾਨਫਰੰਸ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ 5-20 ਪੈਟਰੋਲ ਥੋਪਣ ਲਈ ਮੋਦੀ ਸਰਕਾਰ ਪੂਰੀ ਤਰ੍ਹਾਂ ਧੱਕੇਸ਼ਾਹੀ 'ਤੇ ਉੱਤਰ ਆਈ ਹੈ। ਅਜੇ ਕੁਝ ਦਿਨ ਪਹਿਲਾਂ ਮੈਂ 29 ਕੰਪਨੀਆਂ ਨੂੰ ਚਿੱਠੀ ਲਿਖੀ ਸੀ। ਇਹ 29 ਉਹ ਕੰਪਨੀਆਂ ਹਨ, ਜੋ ਸਾਡੇ ਦੇਸ਼ ਵਿੱਚ ਪੈਟਰੋਲ 'ਤੇ ਚੱਲਣ ਵਾਲੇ ਟੂ-ਵ੍ਹੀਲਰ ਅਤੇ ਫੋਰ-ਵ੍ਹੀਲਰ ਬਣਾਉਂਦੀਆਂ ਹਨ। ਉਨ੍ਹਾਂ ਨੂੰ ਚਿੱਠੀ ਵਿੱਚ ਮੈਂ ਸਾਫ਼-ਸਾਫ਼ ਲਿਖ ਕੇ ਇਹ ਦੱਸਣ ਲਈ ਕਿਹਾ ਸੀ ਕਿ ਕੀ 2023 ਤੋਂ ਪਹਿਲਾਂ ਬਣੇ ਉਨ੍ਹਾਂ ਦੇ ਵਾਹਨਾਂ ਵਿੱਚ ਈ-20 ਪੈਟਰੋਲ ਵਰਤਿਆ ਜਾ ਸਕਦਾ ਹੈ? ਮੈਂ ਪੁੱਛਿਆ ਸੀ ਕਿ ਜੇਕਰ ਉਹ ਕੰਪਨੀਆਂ ਕਹਿੰਦੀਆਂ ਹਨ ਕਿ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ, ਤਾਂ ਕੀ ਸਾਡੀ ਗੱਡੀ ਖਰਾਬ ਹੋਣ 'ਤੇ ਜਾਂ ਮਾਈਲੇਜ ਘਟਣ 'ਤੇ ਉਹ ਹਰਜਾਨਾ ਦੇਣਗੀਆਂ? 29 ਵਿੱਚੋਂ ਲਿਖਤੀ ਰੂਪ ਵਿੱਚ ਤਾਂ ਕਿਸੇ ਦਾ ਵੀ ਜਵਾਬ ਨਹੀਂ ਆਇਆ, ਪਰ ਨੌਂ ਕੰਪਨੀਆਂ ਦੇ ਅਧਿਕਾਰੀਆਂ ਨਾਲ ਫੋਨ 'ਤੇ ਮੇਰੀ ਲੰਬੀ ਗੱਲਬਾਤ ਹੋਈ।

ਅਰਵਿੰਦ ਕੇਜਰੀਵਾਲ ਨੇ ਦੱਸਿਆ ਕਿ 9 ਕੰਪਨੀਆਂ ਦੇ ਅਧਿਕਾਰੀਆਂ ਨੇ ਨਿੱਜੀ ਤੌਰ 'ਤੇ ਮੈਨੂੰ ਦੱਸਿਆ ਕਿ ਮੋਦੀ ਸਰਕਾਰ ਸ਼ਰੇਆਮ ਧਮਕੀ ਦੇ ਰਹੀ ਹੈ। ਤਕਨੀਕੀ ਅਤੇ ਇੰਜੀਨੀਅਰਿੰਗ ਦੇ ਨਜ਼ਰੀਏ ਤੋਂ ਸੱਚਾਈ ਇਹ ਹੈ ਕਿ ਜੇਕਰ 2023 ਤੋਂ ਪਹਿਲਾਂ ਦੇ ਵਾਹਨਾਂ ਵਿੱਚ ਈ-20 ਵਰਤਿਆ ਜਾਂਦਾ ਹੈ, ਤਾਂ ਵਾਹਨ, ਉਸ ਦਾ ਇੰਜਣ ਅਤੇ ਫਿਊਲ ਟ੍ਰੇਨ ਸਿਸਟਮ ਖਰਾਬ ਹੋਵੇਗਾ ਅਤੇ ਮਾਈਲੇਜ ਵੀ ਘਟੇਗੀ। ਕੰਪਨੀਆਂ ਨੂੰ ਮੋਦੀ ਸਰਕਾਰ ਵੱਲੋਂ ਧਮਕੀ ਦਿੱਤੀ ਗਈ ਹੈ ਕਿ ਜੇਕਰ ਉਨ੍ਹਾਂ ਨੇ ਪਬਲਿਕ ਵਿੱਚ ਇਹ ਗੱਲ ਕਹੀ ਤਾਂ ਉਨ੍ਹਾਂ ਦੀ ਖੈਰ ਨਹੀਂ ਹੈ। ਮੋਦੀ ਸਰਕਾਰ ਉਨ੍ਹਾਂ ਦਾ ਪਲਾਂਟ ਬੰਦ ਕਰਵਾ ਦੇਵੇਗੀ, ਈਡੀ, ਇਨਕਮ ਟੈਕਸ ਅਤੇ ਸੀ ਬੀ ਆਈ ਦੀ ਰੇਡ ਕਰਵਾ ਦੇਵੇਗੀ ਅਤੇ ਉਨ੍ਹਾਂ ਦੀ ਕੰਪਨੀ ਬੰਦ ਕਰਵਾ ਦੇਵੇਗੀ। ਇਸ ਲਈ ਉਹ ਇਹ ਲਿਖ ਕੇ ਨਹੀਂ ਦੇ ਸਕਦੇ। ਮੋਦੀ ਸਰਕਾਰ ਦਬਾਅ ਪਾ ਰਹੀ ਹੈ ਕਿ ਉਹ • ਬਾਕੀ ਸਫਾ 2 'ਤੇ

ਨਵਾਂ ਜ਼ਮਾਨਾ
ਵੀਰਵਾਰ, 30 ਜੁਲਾਈ 2026

# ਲੋਕਤੰਤਰ 'ਚ ਕੌਣ ਜਿੱਤਦਾ ?

*ਭਾਰਤੀ ਸੰਵਿਧਾਨ 'ਚ ਵਿਦਿਆਰਥੀਆਂ, ਨੌਜਵਾਨਾਂ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਔਰਤਾਂ ਅਤੇ ਸਮਾਜ ਦੇ ਹਰ ਵਰਗ ਨੂੰ ਪ੍ਰਗਟਾਵੇ ਦੀ ਆਜ਼ਾਦੀ, ਪੁਰਅਮਨ ਇਕੱਠ ਕਰਨ ਤੇ ਆਪਣੀਆਂ ਮੰਗਾਂ ਸਰਕਾਰ ਅੱਗੇ ਰੱਖਣ ਦਾ ਬਰਾਬਰ ਹੱਕ ਹੈ, ਪਰ ਪਿਛਲੇ ਕੁਝ ਸਾਲਾਂ ਦੇ ਪ੍ਰਮੁੱਖ ਅੰਦੋਲਨਾਂ ਦਾ ਤੁਲਨਾਤਮਕ ਅਧਿਐਨ ਇੱਕ ਅਸੁਵਿਧਾਜਨਕ ਸਵਾਲ ਖੜ੍ਹਾ ਕਰਦਾ ਹੈ-ਕੀ ਲੋਕਤੰਤਰ ਵਿੱਚ ਹਰ ਆਵਾਜ਼ ਦੀ ਬਰਾਬਰ ਸ਼ਕਤੀ ਹੁੰਦੀ ਹੈ, ਜਾਂ ਕੀ ਕਿਸੇ ਅੰਦੋਲਨ ਦੀ ਸਫਲਤਾ ਆਰਥਿਕ ਵਸੀਲਿਆਂ, ਸਮਾਜਿਕ ਪੂੰਜੀ, ਸੰਗਠਨ, ਮੀਡੀਆ ਤੱਕ ਪਹੁੰਚ, ਸਿਆਸੀ ਸਮਰਥਨ ਅਤੇ ਲੰਬੇ ਸਮੇਂ ਤੱਕ ਲੜਨ ਦੀ ਯੋਗਤਾ 'ਤੇ ਵੀ ਨਿਰਭਰ ਕਰਦੀ ਹੈ?*

*ਨੀਟ ਪ੍ਰੀਖਿਆ ਵਿੱਚ ਪੇਪਰ ਲੀਕ ਅਤੇ ਪ੍ਰੀਖਿਆ ਬੇਨੇਮੀਆਂ ਦੇ ਦੋਸ਼ਾਂ ਨੇ ਲੱਖਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਅੰਦੋਲਨ ਲਈ ਉਤਸ਼ਾਹਤ ਕੀਤਾ। ਇਸ ਅੰਦੋਲਨ ਨੂੰ ਸਮਾਜ ਦੇ ਵੱਖ-ਵੱਖ ਵਰਗਾਂ ਦਾ ਸਮਰਥਨ ਮਿਲਿਆ, ਜਿਨ੍ਹਾਂ ਵਿੱਚ ਅਧਿਆਪਕ, ਮਾਪੇ, ਮੀਡੀਆ, ਵਿਰੋਧੀ ਪਾਰਟੀਆਂ ਅਤੇ ਜਨਤਕ ਹਸਤੀਆਂ ਸ਼ਾਮਲ ਸਨ। ਇਸ ਅੰਦੋਲਨ ਨੇ ਇਹ ਵੀ ਦਿਖਾਇਆ ਕਿ ਜਦੋਂ ਕੋਈ ਵਰਗ ਆਪਣੀ ਆਵਾਜ਼ ਨੂੰ ਦੇਸ਼ਵਿਆਪੀ ਬਹਿਸ ਵਿੱਚ ਬਦਲਣ ਦੀ ਸਮਰੱਥਾ ਰੱਖਦਾ ਹੈ, ਤਾਂ ਸਰਕਾਰ 'ਤੇ ਨੈਤਿਕ ਅਤੇ ਸਿਆਸੀ ਦਬਾਅ ਤੇਜ਼ੀ ਨਾਲ ਵਧਦਾ ਹੈ। ਪਰ ਇਹੀ ਉਹ ਬਿੰਦੂ ਹੈ, ਜਿੱਥੇ ਇੱਕ ਹੋਰ ਭਾਰਤ ਉੱਭਰਦਾ ਹੈ-ਇੱਕ ਅਜਿਹਾ ਭਾਰਤ, ਜੋ ਮੈਡੀਕਲ ਕਾਲਜ ਦੀ ਤਿਆਰੀ ਨਹੀਂ ਕਰ ਰਿਹਾ, ਸਗੋਂ ਹਰ ਸਵੇਰ ਕੰਮ ਦੀ ਭਾਲ ਵਿੱਚ ਬਾਹਰ ਨਿਕਲਦਾ ਹੈ। ਉਹ ਭਾਰਤ ਜੋ ਅਸੰਗਠਤ ਖੇਤਰ ਦਾ ਮਜ਼ਦੂਰ ਹੈ, ਰਿਕਸ਼ਾ ਚਲਾਉਂਦਾ ਹੈ, ਉਸਾਰੀ ਕਰਦਾ ਹੈ, ਫੈਕਟਰੀ ਵਿੱਚ ਠੇਕਾ ਮਜ਼ਦੂਰ ਹੈ, ਜਾਂ ਦਿਹਾੜੀ ਕਰਕੇ ਪਰਵਾਰ ਚਲਾਉਂਦਾ ਹੈ। ਉਸ ਲਈ ਅੰਦੋਲਨ ਕਰਨਾ ਸਿਰਫ ਹਿੰਮਤ ਦਾ ਸਵਾਲ ਨਹੀਂ, ਸਗੋਂ ਜ਼ਿੰਦਾ ਰਹਿਣ ਦਾ ਸਵਾਲ ਹੈ। ਜੇ ਉਹ ਇੱਕ ਦਿਨ ਵੀ ਕੰਮ 'ਤੇ ਨਹੀਂ ਜਾਏਗਾ, ਤਾਂ ਉਸੇ ਦਿਨ ਉਸ ਦੇ ਘਰ ਦਾ ਚੁੱਲ੍ਹਾ ਠੰਢਾ ਪੈ ਸਕਦਾ ਹੈ। ਇਸ ਲਈ ਉਸ ਦੇ ਸਾਹਮਣੇ ਜਮਹੂਰੀ ਅਧਿਕਾਰ ਅਤੇ ਆਰਥਿਕ ਮਜਬੂਰੀਆਂ ਆਹਮੋ-ਸਾਹਮਣੇ ਖੜ੍ਹੇ ਦਿਖਾਈ ਦਿੰਦੇ ਹਨ। ਇਹੀ ਕਾਰਨ ਹੈ ਕਿ ਭਾਰਤ ਦੇ ਜ਼ਿਆਦਾਤਰ ਮਜ਼ਦੂਰ ਅੰਦੋਲਨ ਬਹੁਤ ਮੁਸ਼ਕਲ ਹਾਲਾਤ ਵਿੱਚ ਲੜੇ ਜਾਂਦੇ ਹਨ। ਸਮਾਜਿਕ ਅੰਦੋਲਨਾਂ ਦੇ ਅਧਿਐਨ ਵਿੱਚ, 'ਸਰੋਤ ਗਤੀਸ਼ੀਲਤਾ ਸਿਧਾਂਤ' ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਕਿਸੇ ਅੰਦੋਲਨ ਦੀ ਸਫਲਤਾ ਸਿਰਫ ਉਸ ਦੀ ਨੈਤਿਕ ਤਾਕਤ ਦੁਆਰਾ ਨਿਰਧਾਰਤ ਨਹੀਂ ਹੁੰਦੀ। ਆਰਥਿਕ ਵਸੀਲੇ, ਸੰਗਠਨਾਤਮਕ ਸਮਰੱਥਾ, ਲੀਡਰਸ਼ਿਪ, ਮੀਡੀਆ ਤੱਕ ਪਹੁੰਚ, ਕਾਨੂੰਨੀ ਸਹਾਇਤਾ, ਜਨਸੰਪਰਕ ਅਤੇ ਲੰਬੇ ਸੰਘਰਸ਼ ਨੂੰ ਕਾਇਮ ਰੱਖਣ ਦੀ ਯੋਗਤਾ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਲਈ, ਜਾਇਜ਼ ਮੰਗ ਰੱਖਣ ਵਾਲਾ ਵਰਗ ਵੀ ਕਈ ਵਾਰ ਓਨਾ ਪ੍ਰਭਾਵ ਪੈਦਾ ਨਹੀਂ ਕਰ ਪਾਉਂਦਾ, ਜਿੰਨਾ ਇੱਕ ਸੰਗਠਤ ਅਤੇ ਸਾਧਨ-ਸੰਪੰਨ ਵਰਗ ਕਰ ਲੈਂਦਾ ਹੈ। ਇਸ ਸੰਦਰਭ ਵਿੱਚ ਕਿਸਾਨ ਅੰਦੋਲਨ ਦਾ ਤਜਰਬਾ ਵੀ ਅਧਿਐਨ ਯੋਗ ਹੈ। ਵੱਖ-ਵੱਖ ਕਿਸਾਨ ਸੰਗਠਨਾਂ ਦੇ ਮਜ਼ਬੂਤ ਢਾਂਚੇ, ਭਾਈਚਾਰਕ ਸਹਿਯੋਗ, ਭੋਜਨ, ਚਿਕਿਤਸਾ, ਟਰਾਂਸਪੋਰਟ ਅਤੇ ਵਿੱਤੀ ਸਹਿਯੋਗ ਨੇ ਇਸ ਅੰਦੋਲਨ ਨੂੰ ਲੰਬੇ ਸਮੇਂ ਤੱਕ ਕਾਇਮ ਰੱਖਣ ਵਿੱਚ ਮਦਦ ਕੀਤੀ। ਇਸ ਦੇ ਉਲਟ, ਜਦੋਂ ਘੱਟੋ-ਘੱਟ ਉਜਰਤਾਂ, ਕਿਰਤ ਅਧਿਕਾਰਾਂ, ਠੇਕੇਦਾਰੀ ਪ੍ਰਥਾ, ਸਮਾਜਿਕ ਸੁਰੱਖਿਆ ਜਾਂ ਕੰਮ ਵਾਲੀ ਥਾਂ 'ਤੇ ਇੱਜ਼ਤ ਵਰਗੇ ਮੁੱਦਿਆਂ 'ਤੇ ਮਜ਼ਦੂਰ ਅੰਦੋਲਨ ਹੁੰਦੇ ਹਨ, ਤਾਂ ਉਹ ਅਕਸਰ ਓਨੀ ਕੌਮੀ ਸੰਵੇਦਨਾ ਹਾਸਲ ਨਹੀਂ ਕਰ ਪਾਉਂਦੇ।*

*ਅੱਜ ਭਾਰਤ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਸਿਰਫ ਪ੍ਰੀਖਿਆ ਪ੍ਰਣਾਲੀ ਜਾਂ ਖੇਤੀਬਾੜੀ ਨੀਤੀ ਨਹੀਂ ਹੈ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਇਸ ਦੇਸ਼ ਦੇ ਗਰੀਬ, ਮਜ਼ਦੂਰ, ਬੇਰੁਜ਼ਗਾਰ ਨੌਜਵਾਨ ਅਤੇ ਅਸੰਗਠਤ ਕਾਮੇ ਵਸੀਲਿਆਂ ਨਾਲ ਭਰਪੂਰ ਅਤੇ ਸੰਗਠਤ ਵਰਗਾਂ ਵਾਂਗ ਪ੍ਰਭਾਵਸ਼ਾਲੀ ਢੰਗ ਨਾਲ ਆਵਾਜ਼ ਉਠਾ ਸਕਦੇ ਹਨ? ਜੇ ਜਵਾਬ 'ਨਹੀਂ' ਹੈ, ਤਾਂ ਇਹ ਸਿਰਫ ਆਰਥਿਕ ਅਸਮਾਨਤਾ ਦਾ ਸਵਾਲ ਨਹੀਂ ਹੈ, ਸਗੋਂ ਲੋਕਤੰਤਰੀ ਨੁਮਾਇੰਦਗੀ ਦੀ ਅਸਮਾਨਤਾ ਦਾ ਵੀ ਸਵਾਲ ਹੈ। ਲੋਕਤੰਤਰ ਦੀ ਅਸਲ ਪ੍ਰੀਖਿਆ ਚੋਣਾਂ ਨਹੀਂ, ਸਗੋਂ ਇਸ ਗੱਲ ਤੋਂ ਹੁੰਦੀ ਹੈ ਕਿ ਉਹ ਆਪਣੇ ਸਭ ਤੋਂ ਕਮਜ਼ੋਰ ਨਾਗਰਿਕਾਂ ਦੀਆਂ ਆਵਾਜ਼ਾਂ ਨੂੰ ਕਿੰਨੀ ਗੰਭੀਰਤਾ ਨਾਲ ਸੁਣਦਾ ਹੈ। ਜਿਸ ਦਿਨ ਇਸ ਦੇਸ਼ ਦੇ ਮਜ਼ਦੂਰ, ਕਿਸਾਨ, ਵਿਦਿਆਰਥੀ, ਬੇਰੁਜ਼ਗਾਰ ਨੌਜਵਾਨ ਅਤੇ ਹਾਸ਼ੀਏ 'ਤੇ ਧੱਕੇ ਗਏ ਨਾਗਰਿਕ ਬਿਨਾਂ ਕਿਸੇ ਡਰ, ਆਰਥਿਕ ਤਬਾਹੀ ਅਤੇ ਦਮਨ ਦੇ ਖਤਰੇ ਤੋਂ ਬਿਨਾਂ ਆਪਣੇ ਮਨ ਦੀ ਗੱਲ ਕਰ ਸਕਣਗੇ, ਉਸ ਦਿਨ ਸੰਵਿਧਾਨ ਵਿੱਚ ਦਰਜ 'ਸਮਾਜਿਕ, ਆਰਥਿਕ ਅਤੇ ਸਿਆਸੀ ਨਿਆਂ' ਦਾ ਸੁਪਨਾ ਸੱਚਮੁੱਚ ਸਾਕਾਰ ਹੋਣ ਵੱਲ ਵਧੇਗਾ। ਲੋਕਤੰਤਰ ਦੀ ਸ਼ਾਨ ਤਾਂ ਹੀ ਪੂਰੀ ਹੋਵੇਗੀ, ਜਦੋਂ ਨਿਆਂ ਸਿਰਫ ਤਾਕਤਵਰਾਂ ਦੀ ਪਹੁੰਚ ਵਿੱਚ ਨਹੀਂ, ਸਗੋਂ ਸਭ ਤੋਂ ਕਮਜ਼ੋਰ ਵਿਅਕਤੀ ਦੇ ਹੱਕ ਦੇ ਰੂਪ 'ਚ ਸਥਾਪਤ ਹੋਵੇਗਾ।*

# ਗੋਦੀ ਮੀਡੀਆ ਨੂੰ ਲਤਾੜ ਗਿਆ ਕਾਕਰੋਚ ਅੰਦੋਲਨ



ਗੁਰਮੀਤ ਸਿੰਘ ਪਲਾਹੀ

ਨੌਜਵਾਨਾਂ ਦੀ 'ਕਾਕਰੋਚ ਕ੍ਰਾਂਤੀ' ਅੱਗੇ ਕੁਝ ਹੀ ਦਿਨਾਂ ਵਿੱਚ ਨਾ ਸਿਰਫ਼ ਇਸ ਰਾਸ਼ਟਰ ਦੇ ਉਸ ਪ੍ਰਮੁੱਖ ਨੂੰ ਝੁਕਣਾ ਪਿਆ, ਜਿਹੜਾ ਸਿਰਫ਼ ਆਪਣੇ 'ਮਨ ਦੀ ਗੱਲ' ਕਰਨੀ ਜਾਣਦਾ ਹੈ ਅਤੇ ਦੂਜਿਆਂ ਦੇ ਮਨ ਦੀ ਗੱਲ ਸੁਣਨ ਤੋਂ ਮੁਨਕਰ ਰਿਹਾ ਹੈ; ਸਗੋਂ ਇਸ ਇਤਿਹਾਸਕ ਅੰਦੋਲਨ ਨੇ ਗੋਦੀ ਮੀਡੀਆ ਦਾ ਵੀ ਲੱਕ ਤੋੜ ਕੇ ਰੱਖ ਦਿੱਤਾ। ਕੀ ਇਹ ਉਹੀ ਮੀਡੀਆ ਨਹੀਂ ਹੈ, ਜੋ ਮੁੱਠੀਭਰ ਸਰਮਾਏਦਾਰਾਂ ਅਤੇ ਸਰਕਾਰ ਦਾ ਪਿੱਠੂ ਬਣ ਕੇ ਲੋਕਤੰਤਰ ਦੇ ਚੌਥੇ ਥੰਮ੍ਹ ਦੀ ਪ੍ਰਮਾਣਿਕਤਾ ਨੂੰ ਲਗਾਤਾਰ ਦਾਗਦਾਰ ਕਰ ਰਿਹਾ ਸੀ?

ਕਿਸਾਨ ਅੰਦੋਲਨ ਵੇਲੇ ਵੀ ਅਤੇ ਮੌਜੂਦਾ ਕੇਂਦਰ ਸਰਕਾਰ ਦੇ ਪਿਛਲੇ 12 ਸਾਲਾਂ ਦੇ ਕਾਰਜਕਾਲ ਦੌਰਾਨ ਹੋਏ ਹੋਰਨਾਂ ਜਨ-ਸੰਘਰਸ਼ਾਂ ਦੌਰਾਨ ਵੀ, ਗੋਦੀ ਮੀਡੀਆ ਦੀ ਭੂਮਿਕਾ ਓਨੀ ਹੀ ਨਿੰਦਣਯੋਗ ਅਤੇ ਪੱਖਪਾਤੀ ਰਹੀ, ਜਿੰਨੀ ਮੌਜੂਦਾ ਹਕੂਮਤ ਦੀ। ਪਰ ਇਸ ਨੌਜਵਾਨ ਅੰਦੋਲਨ ਦੇ ਅਟੱਲ ਸਿਰੜ ਅੱਗੇ ਗੋਦੀ ਮੀਡੀਆ ਦੇ ਓਹਲੇ ਰਾਜ ਕਰਨ ਵਾਲੀ ਹਕੂਮਤ ਨੂੰ ਇੱਕ ਵਾਰ ਫਿਰ ਮੂੰਹ ਦੀ ਖਾਣੀ ਪਈ। ਨੌਜਵਾਨਾਂ ਦੇ ਭਾਰੇ ਰੋਸ ਅੱਗੇ ਪ੍ਰਧਾਨ ਮੰਤਰੀ ਨੂੰ ਝੁਕਣਾ ਪਿਆ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਪ੍ਰਵਾਨ ਕਰਨੀਆਂ ਪਈਆਂ।

ਦੇਸ਼ ਦੇ ਕੋਨੇ-ਕੋਨੇ ਤੋਂ ਪਹੁੰਚੇ ਇਹ ਨੌਜਵਾਨ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ, ਸਿੱਖਿਆ ਢਾਂਚੇ ਵਿੱਚ ਪਾਰਦਰਸ਼ਤਾ, ਪੇਪਰ ਲੀਕ ਮਾਫ਼ੀਆ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਤੇ ਭਰਤੀ ਪ੍ਰੀਖਿਆਵਾਂ ਵਿੱਚ ਜਵਾਬਦੇਹੀ ਦੀ ਮੰਗ ਕਰ ਰਹੇ ਸਨ। ਇਹ ਰੋਸ ਕਿਸੇ ਇੱਕ ਵਿਅਕਤੀ, ਸੰਗਠਨ ਜਾਂ ਸਿਆਸੀ ਧਿਰ ਤੱਕ ਸੀਮਤ ਨਹੀਂ ਸੀ, ਬਲਕਿ ਇਹ ਦੇਸ਼ ਦੇ ਲੱਖਾਂ ਬੇਰੋਜ਼ਗਾਰ ਅਤੇ ਪੀੜਤ ਨੌਜਵਾਨਾਂ ਦੇ ਮਨਾਂ ਵਿੱਚ ਸਾਲਾਂ ਤੋਂ ਪਨਪ ਰਹੇ ਵਿਆਪਕ ਅੰਦਰੂਨੀ ਉਬਾਲ ਦਾ ਪ੍ਰਗਟਾਵਾ ਸੀ।

ਇਸ ਸੰਘਰਸ਼ ਵਿੱਚ ਜਨਤਕ ਅਤੇ ਬੁਨਿਆਦੀ ਮੁੱਦੇ ਏਨੇ ਹਾਵੀ ਹੋ ਗਏ ਕਿ ਰਵਾਇਤੀ ਨੇਤਾਵਾਂ ਦੀ ਪ੍ਰਸੰਗਿਕਤਾ ਹੀ ਖ਼ਤਮ ਹੋ ਗਈ-ਠੀਕ ਉਵੇਂ ਹੀ ਜਿਵੇਂ ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਦੇਖਣ ਨੂੰ ਮਿਲਿਆ ਸੀ, ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਗੋਦੀ ਮੀਡੀਆ ਨੂੰ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਇਹ ਪੜ੍ਹੇ-ਲਿਖੇ ਨੌਜਵਾਨ ਵੀ 'ਦੇਸ਼ ਨੂੰ ਤੋੜਨ ਵਾਲੀਆਂ ਵਿਦੇਸ਼ੀ ਤਾਕਤਾਂ' ਦੇ ਮੋਹਰੇ ਹੀ ਜਾਪੇ।

ਇਸ ਵਿਕੇ ਹੋਏ ਮੀਡੀਆ ਨੇ ਪ੍ਰਸਿੱਧ ਵਾਤਾਵਰਨ ਪ੍ਰੇਮੀ ਸੋਨਮ ਵਾਂਗਚੁਕ ਦੇ ਮਰਨ ਵਰਤ ਦਾ ਮਜ਼ਾਕ ਉਡਾਇਆ। ਟੀ ਵੀ ਸਕਰੀਨਾਂ 'ਤੇ ਬੈਠੇ ਕੁਝ ਕਥਿਤ ਬੁੱਧੀਜੀਵੀ ਹਰ ਰੋਜ਼ ਹਕੂਮਤ ਦੀ ਭਗਤੀ ਕਰਦੇ ਅਤੇ 'ਕਾਕਰੋਚ ਅੰਦੋਲਨ' ਦੇ ਆਗੂ ਅਭਿਜੀਤ ਦੀਪਕੇ 'ਤੇ ਤੀਰ ਛੱਡਦੇ ਦਿਖਾਈ ਦਿੱਤੇ। ਗੋਦੀ ਮੀਡੀਆ ਨੇ ਇਹ ਸਾਬਤ ਕਰਨ ਲਈ ਪੂਰਾ ਤਾਣ ਲਗਾਇਆ ਕਿ ਇਹ ਪ੍ਰਦਰਸ਼ਨਕਾਰੀ ਉਹੀ 'ਰਾਸ਼ਟਰ-ਵਿਰੋਧੀ' ਹਨ, ਜਿਨ੍ਹਾਂ ਨੂੰ ਸ਼ਾਹੀਨ ਬਾਗ਼ ਜਾਂ ਕਿਸਾਨ ਅੰਦੋਲਨ 'ਚ ਦੇਖਿਆ ਗਿਆ ਸੀ, ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨੇ 'ਅੰਦੋਲਨਜੀਵੀ' ਆਖ ਕੇ ਭੰਡਿਆ ਸੀ।

ਪਰ ਗੋਦੀ ਮੀਡੀਆ ਨੇ ਜਾਣਬੁੱਝ ਕੇ ਇਹ ਸੱਚ ਛੁਪਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਮੁਹਿੰਮ ਦੀ ਚੰਗਿਆੜੀ ਸੁਪਰੀਮ ਕੋਰਟ ਦੀ ਉਸ ਅਫ਼ਸੋਸਜਨਕ ਟਿੱਪਣੀ ਤੋਂ ਭੜਕੀ ਸੀ, ਜਿਸ 'ਚ ਵਿਦਿਆਰਥੀਆਂ ਦੇ ਰੋਸ ਨੂੰ ਵਿਅੰਗ ਨਾਲ 'ਕਾਕਰੋਚ' ਵਾਂਗ ਦੇਖਿਆ ਗਿਆ। ਨੀਟ ਪੇਪਰ ਲੀਕ ਦੇ ਧੱਕੇਸ਼ਾਹੀ ਭਰੇ ਫ਼ੈਸਲਿਆਂ ਨੇ ਨੌਜਵਾਨਾਂ ਦੇ ਮਨਾਂ 'ਚ ਗੁੱਸਾ ਭਰ ਦਿੱਤਾ। ਸੋਸ਼ਲ ਮੀਡੀਆ 'ਤੇ ਸ਼ੁਰੂ ਹੋਈ ਵਿਅੰਗਾਤਮਕ ਮੁਹਿੰਮ ਨੇ ਅਜਿਹਾ ਜਨ-ਅੰਦੋਲਨ ਖੜ੍ਹਾ ਕੀਤਾ, ਜਿਸ ਨੇ ਸਿਰਫ਼ 70 ਦਿਨਾਂ ਦੇ ਅੰਦਰ-ਅੰਦਰ ਕੇਂਦਰੀ ਸਿੱਖਿਆ ਮੰਤਰੀ ਨੂੰ ਕੁਰਸੀ ਛੱਡਣ ਲਈ ਮਜਬੂਰ ਕਰ ਦਿੱਤਾ।

ਇਸ ਅੰਦੋਲਨ ਦਾ ਕੋਈ ਪਰੰਪਰਾਗਤ ਸਿਆਸੀ ਰਹਿਬਰ ਨਹੀਂ ਸੀ, ਬਲਕਿ ਇੰਸਟਾਗ੍ਰਾਮ ਅਤੇ 'ਐੱਕਸ' ਵਰਗੇ ਡਿਜੀਟਲ ਪਲੇਟਫਾਰਮਾਂ 'ਤੇ ਬਣੇ ਨੈੱਟਵਰਕ ਨੇ ਇਸ ਦੀ ਨੀਂਹ ਰੱਖੀ। ਵਿਦਿਆਰਥੀਆਂ ਨੇ ਬੜੀ ਸੂਝ-ਬੂਝ ਨਾਲ ਸੋਸ਼ਲ ਮੀਡੀਆ 'ਤੇ 15-15 ਜਾਂ 30-30 ਸੈਕਿੰਡਾਂ ਦੀਆਂ ਛੋਟੀਆਂ-ਛੋਟੀਆਂ ਵੀਡੀਓਜ਼ ਪਾ ਕੇ ਆਪਣੇ ਅੰਦੋਲਨ ਨੂੰ ਏਨਾ ਮਜ਼ਬੂਤ ਕਰ ਦਿੱਤਾ ਕਿ ਇਸ ਦਾ ਸੁਨੇਹਾ ਦੇਸ਼ ਦੇ ਹਰ ਕੋਨੇ ਤੱਕ ਪਹੁੰਚ ਗਿਆ। ਬਿਨਾਂ ਕਿਸੇ ਵੱਡੇ ਦਾਅਵੇ ਜਾਂ ਫੋਕੀ ਬਿਆਨਬਾਜ਼ੀ ਦੇ ਉਹ ਬਹੁਤ ਹੀ ਸੁਚੇਤ ਰੂਪ ਵਿੱਚ ਆਪਣੇ ਨਿਸ਼ਾਨੇ 'ਤੇ ਕੰਮ ਕਰਦੇ ਨਜ਼ਰ ਆਏ। ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖਿਆ ਦੇ ਖੇਤਰ 'ਚ ਹੋਈਆਂ ਧਾਂਦਲੀਆਂ ਅਤੇ ਇਸ ਨਾਲ ਜੁੜੇ ਬੇਰੋਜ਼ਗਾਰੀ ਦੇ ਗੰਭੀਰ ਮੁੱਦੇ ਤੱਕ ਹੀ ਕੇਂਦਰਤ ਰੱਖਿਆ।

ਇਹ ਆਵਾਜ਼ ਦਿੱਲੀ ਦੇ ਜੰਤਰ-ਮੰਤਰ ਤੋਂ ਹੁੰਦੀ ਹੋਈ ਦੇਸ਼ ਦੀਆਂ ਤਮਾਮ ਯੂਨੀਵਰਸਿਟੀਆਂ ਦੇ ਗਲਿਆਰਿਆਂ ਤੱਕ ਗੂੰਜ ਉੱਠੀ। ਇਸ ਮੁਹਿੰਮ ਨੇ ਜਿੱਥੇ ਗੋਦੀ ਮੀਡੀਆ ਦੇ ਪੱਖਪਾਤੀ ਚਿਹਰੇ ਨੂੰ ਬੇਨਕਾਬ ਕੀਤਾ, ਉੱਥੇ ਹੀ ਨੌਜਵਾਨਾਂ ਨੂੰ ਆਪਣੇ ਹੱਕਾਂ ਲਈ ਆਰ-ਪਾਰ ਦੀ ਲੜਾਈ ਲੜਨ ਦਾ ਰਾਹ ਵੀ ਦਿਖਾਇਆ।

ਇਹ ਸਮਝਣਾ ਜ਼ਰੂਰੀ ਹੈ ਕਿ ਇਹ ਲੜਾਈ ਸਿਰਫ਼ ਨੀਟ ਪ੍ਰੀਖਿਆ ਤੱਕ ਸੀਮਤ ਨਹੀਂ ਸੀ; ਇਹ ਖ਼ਰਾਬ ਪ੍ਰੀਖਿਆ ਪ੍ਰਣਾਲੀ, ਬੇਰੋਜ਼ਗਾਰੀ ਅਤੇ ਨੌਜਵਾਨਾਂ ਦੇ ਰੁਲਦੇ ਭਵਿੱਖ ਪ੍ਰਤੀ ਫੈਲੀ ਵਿਆਪਕ ਬੇਚੈਨੀ ਦਾ ਵਿਸਫ਼ੋਟ ਸੀ, ਜੋ ਇੱਕ ਕ੍ਰਾਂਤੀ ਵਿੱਚ ਬਦਲ ਗਿਆ।

ਜੇਕਰ ਇਤਿਹਾਸ 'ਤੇ ਝਾਤ ਮਾਰੀਏ ਤਾਂ ਵਿਦਿਆਰਥੀ ਅੰਦੋਲਨਾਂ ਨੇ ਹਮੇਸ਼ਾ ਦੇਸ਼ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ ਹੈ: 1906 ਵਿੱਚ ਡਾ. ਰਾਜੇਂਦਰ ਪ੍ਰਸਾਦ ਦੀ ਅਗਵਾਈ ਹੇਠ 'ਬਿਹਾਰੀ ਸਟੂਡੈਂਟਸ ਸੈਂਟਰਲ ਐਸੋਸੀਏਸ਼ਨ' ਨੇ ਆਜ਼ਾਦੀ ਸੰਗ੍ਰਾਮ 'ਚ ਅਹਿਮ ਭੂਮਿਕਾ ਨਿਭਾਈ। 11 ਅਗਸਤ 1942 ਨੂੰ ਪਟਨਾ ਵਿਧਾਨ ਸਭਾ 'ਤੇ ਝੰਡਾ ਲਹਿਰਾਉਂਦਿਆਂ 7 ਵਿਦਿਆਰਥੀ ਸ਼ਹੀਦ ਹੋਏ। 1955 ਵਿੱਚ ਬਿਹਾਰ 'ਚ ਬੱਸ ਕਿਰਾਇਆ ਵਾਧੇ ਵਿਰੁੱਧ ਹੋਏ ਵਿਦਿਆਰਥੀ ਅੰਦੋਲਨ ਕਾਰਨ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ। 1973-74 ਦਾ ਗੁਜਰਾਤ ਦਾ 'ਨਵਨਿਰਮਾਣ ਅੰਦੋਲਨ' ਵਿਦਿਆਰਥੀਆਂ ਦੀ ਤਾਕਤ ਸੀ, ਜਿਸ ਨੇ ਚਿਮਨਭਾਈ ਪਟੇਲ ਦੀ ਸਰਕਾਰ ਦਾ ਤਖ਼ਤਾ ਪਲਟ ਦਿੱਤਾ। 1974 ਦਾ ਇਤਿਹਾਸਕ 'ਜੇ ਪੀ ਅੰਦੋਲਨ' ਵੀ ਵਿਦਿਆਰਥੀਆਂ ਦੇ ਰੋਸ ਤੋਂ ਸ਼ੁਰੂ ਹੋਇਆ, ਜਿਸ ਦੇ ਸਿੱਟੇ ਵਜੋਂ ਦੇਸ਼ 'ਚ ਐਮਰਜੈਂਸੀ ਲੱਗੀ ਅਤੇ ਕਾਂਗਰਸ ਸੱਤਾ ਤੋਂ ਬਾਹਰ ਹੋਈ। 1979-1985 ਤੱਕ ਅਸਾਮ ਦੇ ਵਿਦਿਆਰਥੀ ਅੰਦੋਲਨ ਨੇ ਕੇਂਦਰ ਸਰਕਾਰ ਨੂੰ 'ਅਸਾਮ ਸਮਝੌਤਾ' ਕਰਨ ਲਈ ਮਜਬੂਰ ਕੀਤਾ। 1990 ਦਾ ਮੰਡਲ ਕਮਿਸ਼ਨ ਵਿਰੋਧੀ ਅੰਦੋਲਨ ਹੋਵੇ ਜਾਂ 2016 ਵਿੱਚ ਹੈਦਰਾਬਾਦ ਯੂਨੀਵਰਸਿਟੀ ਦੇ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਦੀ ਸੰਸਥਾਗਤ ਹੱਤਿਆ ਵਿਰੁੱਧ ਉੱਠਿਆ ਰੋਸ, ਵਿਦਿਆਰਥੀਆਂ ਨੇ ਹਮੇਸ਼ਾ ਹਕੂਮਤਾਂ ਦੀਆਂ ਨੀਂਦਾਂ ਉਡਾਈਆਂ ਹਨ।

2017 ਵਿੱਚ ਪੰਜਾਬ ਯੂਨੀਵਰਸਿਟੀ (ਪੀ ਯੂ) ਚੰਡੀਗੜ੍ਹ ਵਿਖੇ ਫ਼ੀਸਾਂ ਦੇ ਭਾਰੀ ਵਾਧੇ ਵਿਰੁੱਧ ਵਿਦਿਆਰਥੀਆਂ ਦਾ ਇਤਿਹਾਸਕ ਸੰਘਰਸ਼, 2019 ਵਿੱਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ ਐੱਨ ਯੂ) ਦਾ ਫੀਸ ਵਾਧਾ ਵਿਰੋਧੀ ਅੰਦੋਲਨ ਅਤੇ ਹਾਲ ਹੀ ਵਿੱਚ 2025 ਵਿੱਚ ਪੰਜਾਬ ਯੂਨੀਵਰਸਿਟੀ ਦੇ ਲੋਕਤੰਤਰ ਤੇ ਸੈਨੇਟ ਨੂੰ ਬਚਾਉਣ ਲਈ ਲੜਿਆ ਗਿਆ ਅੰਦੋਲਨ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਨੌਜਵਾਨ ਚੁੱਪ ਨਹੀਂ ਬੈਠ ਸਕਦੇ।

ਅੰਕੜੇ ਗਵਾਹ ਹਨ ਕਿ ਪਿਛਲੇ 10 ਸਾਲਾਂ ਵਿੱਚ 99 ਤੋਂ ਵੱਧ ਪ੍ਰਮੁੱਖ ਪ੍ਰੀਖਿਆਵਾਂ ਦੇ ਪੇਪਰ ਲੀਕ ਹੋਏ, ਜਿਸ ਨਾਲ ਸਾਢੇ ਛੇ ਕਰੋੜ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਲੱਗਿਆ। ਪੇਪਰ ਮਾਫ਼ੀਆ ਦਾ ਜਾਲ 19 ਸੂਬਿਆਂ ਵਿੱਚ ਫੈਲਿਆ ਹੋਇਆ ਹੈ, ਪਰ ਹਕੂਮਤ ਦੀ ਖ਼ਾਮੋਸ਼ੀ ਅਤੇ ਗੋਦੀ ਮੀਡੀਆ ਦੀ ਅੰਨ੍ਹੀ ਵਫ਼ਾਦਾਰੀ ਸ਼ਰਮਨਾਕ ਰਹੀ। ਜਦੋਂ ਨੀਟ ਪ੍ਰੀਖਿਆ ਦੇ ਧਾਂਦਲੇਪਣ ਕਾਰਨ 22 ਦੇ ਲਗਭਗ ਮਾਸੂਮ ਵਿਦਿਆਰਥੀਆਂ ਨੇ ਨਿਰਾਸ਼ਾ ਵਿੱਚ ਆਤਮ-ਹੱਤਿਆ ਕੀਤੀ, ਤਾਂ ਕਿਸੇ ਟੀ ਵੀ ਚੈਨਲ ਨੇ ਉਨ੍ਹਾਂ ਦੇ ਪਰਵਾਰਾਂ ਦਾ ਦਰਦ ਨਹੀਂ ਦਿਖਾਇਆ।

ਕਾਹਨ ਪਟੇਲ ਨਾਂਅ ਦੇ ਵਿਦਿਆਰਥੀ ਦੇ ਪਿਤਾ ਪ੍ਰਸ਼ਾਂਤ ਪਟੇਲ ਦੇ ਇਹ ਸ਼ਬਦ ਸਿਸਟਮ ਦੇ ਮੂੰਹ 'ਤੇ ਚਪੇੜ ਹਨ: ਮੇਰੇ ਪੁੱਤ ਨੇ ਡਾਕਟਰ ਬਣਨ ਲਈ ਖੇਡਣਾ, ਘੁੰਮਣਾ, ਗਿਟਾਰ ਵਜਾਉਣਾ ਸਭ ਛੱਡ ਦਿੱਤਾ, ਪਰ ਪੇਪਰ ਲੀਕ ਦੀ ਖ਼ਬਰ ਨੇ ਉਸ ਦਾ ਵਿਸ਼ਵਾਸ ਤੋੜ ਦਿੱਤਾ। ਮੇਰਾ ਬੇਟਾ ਆਪ ਨਹੀਂ ਹਾਰਿਆ, ਇਸ ਭ੍ਰਿਸ਼ਟ ਸਿਸਟਮ ਨੇ ਉਸ ਦਾ ਕਤਲ ਕੀਤਾ ਹੈ।

ਗੋਦੀ ਮੀਡੀਆ ਨੂੰ ਇਹ ਦਰਦ ਨਜ਼ਰ ਨਹੀਂ ਆਉਂਦਾ, ਕਿਉਂਕਿ ਉਹ ਸਿਰਫ਼ ਤਾਕਤ ਦੇ ਸੋਹਲੇ ਗਾਉਣਾ ਜਾਣਦਾ ਹੈ। ਜੰਤਰ-ਮੰਤਰ 'ਤੇ ਜਦੋਂ ਦੇਸ਼ ਦੇ ਭਵਿੱਖ ਉੱਤੇ ਲਾਠੀਆਂ ਅਤੇ ਅੱਥਰੂ ਗੈਸ ਦੇ ਗੋਲੇ ਬਰਸਾਏ ਜਾ ਰਹੇ ਸਨ, ਉਦੋਂ ਮੀਡੀਏ ਦੇ ਕੈਮਰੇ ਬੰਦ ਸਨ। ਹੱਦ ਤਾਂ ਉਦੋਂ ਹੋ ਗਈ, ਜਦੋਂ ਸ਼ਾਂਤਮਈ ਪ੍ਰਦਰਸ਼ਨ ਕਰ ਰਹੀਆਂ ਨੌਜਵਾਨ ਧੀਆਂ-ਭੈਣਾਂ ਅਤੇ ਲੜਕੀਆਂ ਨਾਲ ਪੁਲਸ ਤੇ ਪ੍ਰਸ਼ਾਸਨ ਵੱਲੋਂ ਬੇਰਹਿਮੀ ਅਤੇ ਬਦਸਲੂਕੀ ਕੀਤੀ ਗਈ। ਉਨ੍ਹਾਂ ਨੂੰ ਧੱਕੇ ਮਾਰੇ ਗਏ, ਘੜੀਸਿਆ ਗਿਆ, ਪਰ ਸਰਕਾਰੀ ਸ਼ਹਿ ਪ੍ਰਾਪਤ ਮੀਡੀਆ ਨੇ ਇਸ ਸ਼ਰਮਨਾਕ ਰਵੱਈਏ ਨੂੰ ਦਿਖਾਉਣ ਦੀ ਥਾਂ ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਰੱਖੀ।

ਇਸ ਅੰਦੋਲਨ ਦੀ ਸਭ ਤੋਂ ਵੱਡੀ ਖ਼ਾਸੀਅਤ ਅਤੇ ਖ਼ੂਬਸੂਰਤੀ ਇਹ ਰਹੀ ਕਿ ਇਸ ਨੇ ਕਿਸੇ ਵੀ ਤਰ੍ਹਾਂ ਦਾ ਧਾਰਮਿਕ ਜਾਂ ਫ਼ਿਰਕੂ ਰੂਪ ਅਖ਼ਤਿਆਰ ਨਹੀਂ ਕੀਤਾ। ਹਕੂਮਤ ਅਤੇ ਗੋਦੀ ਮੀਡੀਆ ਨੇ ਇਸ ਨੂੰ ਧਰਮ ਜਾਂ ਜਾਤ ਦੀਆਂ ਵੰਡੀਆਂ 'ਚ ਉਲਝਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਇਹ ਨੌਜਵਾਨ ਕਿਸੇ ਜਾਲ 'ਚ ਨਹੀਂ ਫਸੇ। ਉਹ ਇੱਕ ਸਹੀ, ਨਿਰਪੱਖ ਅਤੇ ਅਗਾਂਹਵਧੂ ਸੋਚ ਨਾਲ ਅੱਗੇ ਵਧੇ, ਜਿੱਥੇ ਉਨ੍ਹਾਂ ਦਾ ਇਕਲੌਤਾ ਧਰਮ-ਇਨਸਾਫ਼, ਸਿੱਖਿਆ ਅਤੇ ਰੋਜ਼ਗਾਰ ਸੀ।

ਇਸ ਦੇ ਨਾਲ ਹੀ ਇੱਕ ਹੋਰ ਬਹੁਤ ਹੀ ਮਹੱਤਵਪੂਰਨ ਪਹਿਲੂ ਇਹ ਰਿਹਾ ਕਿ ਵਿਦਿਆਰਥੀ ਪ੍ਰਬੰਧਕਾਂ ਨੇ ਇਸ ਅੰਦੋਲਨ ਨੂੰ ਕਿਸੇ ਵੀ ਰਾਜਨੀਤਕ ਪਾਰਟੀ ਦੀ 'ਕੱਠਪੁਤਲੀ' ਨਹੀਂ ਬਣਨ ਦਿੱਤਾ। ਭਾਵੇਂ ਕਿ ਲਗਭਗ ਸਾਰੀਆਂ ਵਿਰੋਧੀ ਧਿਰਾਂ ਨੇ ਇਸ ਸੰਘਰਸ਼ ਦਾ ਸਮਰਥਨ ਕੀਤਾ ਅਤੇ ਅਨੇਕਾਂ ਸਮਾਜਿਕ ਜਥੇਬੰਦੀਆਂ ਵੀ ਵਿਦਿਆਰਥੀਆਂ ਦੇ ਹੱਕ ਵਿੱਚ ਨਿੱਤਰ ਕੇ ਸਾਹਮਣੇ ਆਈਆਂ, ਪਰ ਅੰਦੋਲਨ ਦੇ ਪ੍ਰਬੰਧਕਾਂ ਨੇ ਸਮਝਦਾਰੀ ਦਿਖਾਉਂਦਿਆਂ ਕਿਸੇ ਵੀ ਸਿਆਸੀ ਧਿਰ ਨੂੰ ਇਸ ਮੰਚ ਨੂੰ ਹਥਿਆਉਣ ਨਹੀਂ ਦਿੱਤਾ। ਨੌਜਵਾਨ ਇਸ ਸੋਚ ਨਾਲ ਅੱਗੇ ਵਧੇ ਕਿ ਇਹ ਅੰਦੋਲਨ ਕਿਸੇ ਪਾਰਟੀ ਦਾ ਮੁਫ਼ਤ ਦਾ ਸਿਆਸੀ ਹਥਿਆਰ ਬਣਨ ਦੀ ਥਾਂ ਇੱਕ ਅਜਿਹਾ ਸੁਚੇਤ ਜਨ-ਅੰਦੋਲਨ ਬਣੇ, ਜੋ ਦੇਸ਼ ਦੇ ਭਵਿੱਖ ਅਤੇ ਆਉਣ ਵਾਲੀ ਰਾਜਨੀਤੀ ਨੂੰ ਇੱਕ ਹਾਂ-ਪੱਖੀ ਤੇ ਨਵੀਂ ਦਿਸ਼ਾ ਦੇਣ ਵਿੱਚ ਇਤਿਹਾਸਕ ਭੂਮਿਕਾ ਨਿਭਾ ਸਕੇ।

ਨੌਜਵਾਨਾਂ ਨੇ ਇਹ ਵੀ ਸਪੱਸ਼ਟ ਸੰਦੇਸ਼ ਦਿੱਤਾ ਕਿ ਇਹ ਸੰਘਰਸ਼ ਹੁਣੇ ਖ਼ਤਮ ਹੋਣ ਵਾਲਾ ਨਹੀਂ। ਜੇਕਰ ਸਰਕਾਰ ਪ੍ਰਵਾਨ ਕੀਤੀਆਂ ਮੰਗਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਤੋਂ ਪਿੱਛੇ ਹਟਦੀ ਹੈ ਜਾਂ ਆਪਣੇ ਵਾਅਦਿਆਂ ਤੋਂ ਮੁਨਕਰ ਹੁੰਦੀ ਹੈ, ਤਾਂ ਇਹ ਅੰਦੋਲਨ ਅਗਲੇ ਚਰਨ ਵਿੱਚ ਪ੍ਰਧਾਨ ਮੰਤਰੀ ਦੇ ਅਸਤੀਫ਼ੇ ਤੱਕ ਦੀ ਮੰਗ ਵੱਲ ਵਧ ਸਕਦਾ ਹੈ।

'ਕਾਕਰੋਚ ਅੰਦੋਲਨ' ਸਿਰਫ਼ ਵਿਦਿਆਰਥੀਆਂ ਦੀ ਇੱਕ ਆਰਜ਼ੀ ਜਿੱਤ ਨਹੀਂ, ਸਗੋਂ ਇਹ ਗੋਦੀ ਮੀਡੀਆ ਦੀ ਗੁਲਾਮ ਮਾਨਸਿਕਤਾ ਅਤੇ ਸੱਤਾ ਦੇ ਹੰਕਾਰ ਲਈ ਇੱਕ ਬਹੁਤ ਵੱਡਾ ਇਤਿਹਾਸਕ ਸਬਕ ਹੈ। ਨੌਜਵਾਨਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜਦੋਂ ਲੋਕਤੰਤਰ ਦਾ ਚੌਥਾ ਥੰਮ੍ਹ (ਮੀਡੀਆ) ਆਪਣਾ ਇਖ਼ਲਾਕ ਵੇਚ ਕੇ ਸੱਤਾ ਦਾ ਗੁਲਾਮ ਬਣ ਜਾਵੇ, ਤਾਂ ਦੇਸ਼ ਦਾ ਨੌਜਵਾਨ ਖ਼ੁਦ ਸੜਕਾਂ 'ਤੇ ਉੱਤਰ ਕੇ ਲੋਕਤੰਤਰ ਦੀ ਰਾਖੀ ਕਰਨ ਅਤੇ ਨਵੇਂ ਇਤਿਹਾਸ ਦੇ ਪੰਨੇ ਲਿਖਣ ਦੀ ਸਮਰੱਥਾ ਰੱਖਦਾ ਹੈ। ਗੋਦੀ ਮੀਡੀਆ ਦੀਆਂ ਸਮੁੱਚੀਆਂ ਚਾਲਾਂ ਨੂੰ ਮਾਤ ਦੇ ਕੇ ਇਨ੍ਹਾਂ 'ਕਾਕਰੋਚਾਂ' ਨੇ ਸ਼ਾਸਕਾਂ ਨੂੰ ਲਤਾੜ ਕੇ ਇੱਕ ਨਵੀਂ ਕ੍ਰਾਂਤੀ ਦਾ ਆਗਾਜ਼ ਕਰ ਦਿੱਤਾ ਹੈ।

**# ਸੰਪਰਕ : 98158-02070**

# ਨਿਘਾਰ ਦਾ ਮੁਜ਼ਾਹਰਾ ਕਰ ਰਹੀ ਭਾਰਤੀ ਸੰਸਦੀ ਪ੍ਰਣਾਲੀ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਇਹ ਬਹੁਤ ਹੀ ਮਹੱਤਵਪੂਰਨ ਤੱਥ ਹੈ ਕਿ ਦੁਨੀਆ ਭਰ ਵਿਚ ਦੋ ਪ੍ਰਕਾਰ ਦੀ ਸੰਸਦੀ ਪ੍ਰਣਾਲੀ ਚਲਦੀ ਹੈ। ਦੁਨੀਆਂ ਦੇ ਸੰਸਦੀ ਢਾਂਚੇ ਵਾਲੇ 188 ਮੁਲਕਾਂ ਵਿੱਚੋਂ 81 ਮੁਲਕਾਂ ਵਿਚ ਦੋ ਸੰਸਦ ਸਦਨ ਹਨ, ਜਦੋਂ ਕਿ 107 ਮੁਲਕਾਂ ਵਿਚ ਇਕ ਸਦਨ ਵਾਲੀ ਸੰਸਦੀ ਪ੍ਰਣਾਲੀ ਚੱਲਦੀ ਹੈ। ਇਨ੍ਹਾਂ ਮੁਲਕਾਂ ਵਿਚ ਕੁੱਲ ਮਿਲਾ ਕੇ 260 ਸੰਸਦੀ ਸਦਨ ਚੱਲਦੇ ਹਨ, ਜਿਨ੍ਹਾਂ ਵਿਚ 46,500 ਦੇ ਕਰੀਬ ਸੰਸਦ ਮੈਂਬਰ ਕੰਮ ਕਰਦੇ ਹਨ। ਸਭ ਤੋਂ ਵੱਡੀ ਸੰਸਦ ਚੀਨ ਦੀ ਹੈ ਜਿਸਦੇ ਤਿੰਨ ਹਜ਼ਾਰ ਦੇ ਕਰੀਬ ਮੈਂਬਰ ਹਨ ਜਦੋਂ ਕਿ ਸਭ ਤੋਂ ਛੋਟੀ ਸੰਸਦ 'ਫੈਡਰੇਟਡ ਸਟੇਟ ਆਫ਼ ਮਾਈਕ੍ਰੋਨੇਸ਼ੀਆ' ਦੀ ਹੈ, ਜਿਸ ਦੇ ਕੇਵਲ 14 ਹੀ ਸੰਸਦ ਮੈਂਬਰ ਹਨ। ਦੁਨੀਆ ਭਰ ਦੇ ਸੰਸਦ ਮੈਂਬਰਾਂ ਵਿੱਚੋਂ 27 ਫ਼ੀਸਦੀ ਤੋਂ ਵੱਧ ਔਰਤਾਂ ਹਨ।

ਜ਼ਿਕਰਯੋਗ ਹੈ ਕਿ ਸੰਸਾਰ ਦੀ ਪਹਿਲੀ ਪਾਰਲੀਮੈਂਟ ਸੰਨ 930 (10ਵੀਂ ਸਦੀ) ਵਿਚ ਆਈਸਲੈਂਡ ਵਿਖੇ ਕਾਇਮ ਕੀਤੀ ਗਈ ਸੀ। ਸੰਨ 1832 ਵਿਚ ਬਰਤਾਨੀਆ ਨੇ 'ਸੋਧ ਬਿੱਲ' ਪੇਸ਼ ਕਰਕੇ ਉੱਚ-ਪੱਧਰੀ ਸੰਸਦੀ ਪ੍ਰਣਾਲੀ ਸਥਾਪਤ ਕਰਨ ਦੀ ਪਹਿਲ ਕੀਤੀ ਸੀ ਤੇ ਸੰਨ 1889 ਵਿਚ 'ਇੰਟਰ-ਪਾਰਲੀਮੈਂਟਰੀ ਯੂਨੀਅਨ' ਕਾਇਮ ਹੋਣ ਪਿੱਛੋਂ ਸੰਸਾਰ ਭਰ ਵਿਚ ਸੰਸਦੀ ਪ੍ਰਣਾਲੀ ਸਥਾਪਤ ਹੋਣ ਦਾ ਸ਼ੁਭ-ਅਰੰਭ ਹੋ ਗਿਆ ਸੀ। ਦਿਲਚਸਪ ਤੱਥ ਇਹ ਵੀ ਹੈ ਕਿ ਯੂਨਾਨ ਦੇ ਏਥਨਜ਼ ਵਾਸੀ ਕਾਨੂੰਨਦਾਨ ਕਲੈਸਥਨੀਜ਼ ਨੂੰ ਸੰਸਦੀ ਲੋਕਤੰਤਰ ਦਾ ਪਿਤਾਮਾ ਮੰਨਿਆ ਜਾਂਦਾ ਹੈ, ਕਿਉਂਕਿ ਉਸ ਨੇ 508 ਈਸਾ ਪੂਰਵ ਵਿਚ ਏਥਨਜ਼ ਦੇ ਸੰਵਿਧਾਨ ਵਿਚ ਮਹੱਤਵਪੂਰਨ ਸੁਧਾਰ ਕਰਦਿਆਂ ਹੋਇਆਂ ਮੁਲਕ ਵਿਚ ਲੋਕਤੰਤਰ ਦਾ ਦਾਖ਼ਲਾ ਕਰਵਾਇਆ ਸੀ।

ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਹੋਣ 'ਤੇ ਫ਼ਖ਼ਰ ਕਰਨ ਵਾਲੇ ਸਾਡੇ ਦੇਸ਼ ਭਾਰਤ ਲਈ ਵਿਸ਼ਵ ਪੱਧਰ 'ਤੇ ਨਮੋਸ਼ੀ ਵਾਲੀ ਗੱਲ ਹੈ ਕਿ ਇਸ ਦੀ 17ਵੀਂ ਲੋਕ ਸਭਾ ਵਿਚਲੇ 539 ਮੈਂਬਰਾਂ ਵਿੱਚੋਂ 233 ਸੰਸਦ ਮੈਂਬਰਾਂ ਖ਼ਿਲਾਫ਼ ਅਪਰਾਧਿਕ ਮੁਕੱਦਮੇ ਦਰਜ ਸਨ ਤੇ ਇਸ ਪ੍ਰਸੰਗ ਵਿਚ ਇਹ ਅੰਕੜਾ ਸਾਲ 2009 ਦੀ ਸੰਸਦ ਦੇ ਮੁਕਾਬਲੇ 44 ਫ਼ੀਸਦੀ ਜ਼ਿਆਦਾ ਸੀ। ਸਾਲ 2024 ਵਿਚ ਹੋਈਆਂ ਚੋਣਾਂ ਦੌਰਾਨ 18ਵੀਂ ਲੋਕ ਸਭਾ ਲਈ ਚੁਣੇ ਗਏ 543 ਸੰਸਦ ਮੈਂਬਰਾਂ ਵਿੱਚੋਂ 251 ਸੰਸਦ ਮੈਂਬਰ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ ਤੇ ਇਹ ਗਿਣਤੀ ਕੁੱਲ ਸੰਸਦ ਮੈਂਬਰਾਂ ਦਾ 46 ਫ਼ੀਸਦੀ ਬਣਦੀ ਹੈ। ਵਿਸ਼ਾ ਮਾਹਰ ਅਨੰਦ ਪਟੇਲ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਸਾਡੇ ਮੁਲਕ ਦੇ 'ਸੂਝਵਾਨ' ਵੋਟਰਾਂ ਵੱਲੋਂ ਚੁਣੇ ਜਾਣ ਵਾਲੇ ਸੰਸਦ ਮੈਂਬਰਾਂ ਦੇ ਅੰਕੜੇ ਬਹੁਤ ਹੀ ਹੈਰਾਨੀਜਨਕ ਅਤੇ ਦਿਲਚਸਪ ਹਨ, ਜੋ ਇਹ ਦੱਸਦੇ ਹਨ ਕਿ ਕਿਸੇ ਪੂਰਨ ਈਮਾਨਦਾਰ ਤੇ ਸਾਫ਼ ਪਿਛੋਕੜ ਵਾਲੇ ਉਮੀਦਵਾਰ ਦੇ ਸੰਸਦ ਮੈਂਬਰ ਚੁਣੇ ਜਾਣ ਦੀ ਸੰਭਾਵਨਾ 4.7 ਫ਼ੀਸਦੀ ਹੈ ਜਦੋਂ ਕਿ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰ ਦੇ ਸੰਸਦ ਮੈਂਬਰ ਚੁਣੇ ਜਾਣ ਦੀ ਸੰਭਾਵਨਾ 15.5 ਫ਼ੀਸਦੀ ਹੈ।

ਸੰਨ 1952 ਵਿਚ ਬਣੀ ਪਹਿਲੀ ਭਾਰਤੀ ਲੋਕ ਸਭਾ ਦੇ ਪਹਿਲੇ ਸੈਸ਼ਨ ਵਿਚ 24 ਬਿੱਲ ਪਾਸ ਹੋਏ ਸਨ, ਜੋ ਕਿ ਲੰਮੇ ਸਮੇਂ ਤੱਕ ਇਕ ਰਿਕਾਰਡ ਰਿਹਾ ਸੀ, ਪਰ 17ਵੀਂ ਲੋਕ ਸਭਾ ਦੇ ਪਹਿਲੇ ਸੈਸ਼ਨ ਵਿਚ 35 ਬਿੱਲ ਪਾਸ ਕਰਕੇ ਉਕਤ ਰਿਕਾਰਡ ਨੂੰ ਤੋੜਿਆ ਜਾ ਚੁੱਕਾ ਹੈ। ਭਾਰਤ ਦੀ ਨਵੀਂ ਸੰਸਦੀ ਇਮਾਰਤ ਦੇ ਉਦਘਾਟਨ ਸੰਬੰਧੀ ਜੋ ਰੇੜਕਾ ਤੇ ਤਮਾਸ਼ਾ ਪੂਰੀ ਦੁਨੀਆ ਨੇ ਵੇਖਿਆ ਸੀ, ਉਹ ਕਾਫੀ ਸ਼ਰਮਨਾਕ ਸੀ। ਸੱਤਾਧਾਰੀ ਧਿਰ ਨੇ ਗੱਲਬਾਤ ਕਰਕੇ ਵਿਰੋਧੀ ਧਿਰਾਂ ਨੂੰ ਮਨਾਉਣ ਜਾਂ ਉਨ੍ਹਾਂ ਦੀ ਜਾਇਜ਼ ਮੰਗ ਨੂੰ ਦਰਕਿਨਾਰ ਕਰਦਿਆਂ ਹੋਇਆਂ ਰਾਸ਼ਟਰਪਤੀ ਨੂੰ ਸੱਦਾ ਨਾ ਦੇ ਕੇ ਸੰਸਦੀ ਪ੍ਰਣਾਲੀ ਦਾ ਮਜ਼ਾਕ ਉਡਾਇਆ ਸੀ। ਚੇਤੇ ਰਹੇ ਕਿ ਭਾਰਤ ਵਿੱਚ ਜੋ ਸੰਸਦੀ ਪ੍ਰਣਾਲੀ ਲਾਗੂ ਹੈ, ਉਸ ਵਿੱਚ ਦੇਸ਼ ਦਾ ਮੁਖੀ ਰਾਸ਼ਟਰਪਤੀ ਹੁੰਦਾ ਹੈ, ਜਦੋਂ ਕਿ ਸਰਕਾਰ ਦਾ ਮੁਖੀ ਪ੍ਰਧਾਨ ਮੰਤਰੀ ਹੁੰਦਾ ਹੈ। ਪ੍ਰਧਾਨ ਮੰਤਰੀ ਲੋਕ ਸਭਾ ਦਾ ਮੈਂਬਰ ਹੁੰਦਾ ਹੈ ਜਦੋਂ ਕਿ ਰਾਸ਼ਟਰਪਤੀ ਸੰਸਦ ਦੇ ਦੋਵਾਂ ਸਦਨਾਂ ਤੋ ਉੱਪਰ ਹੁੰਦਾ ਹੈ।

ਸੰਸਦ,ਦਰਅਸਲ ਸਰਕਾਰੀ ਅਤੇ ਵਿਰੋਧੀ ਧਿਰ ਵੱਲੋਂ ਲੋਕ ਭਲਾਈ ਤੇ ਦੇਸ਼ ਦੀ ਤਰੱਕੀ ਦੇ ਮੁੱਦਿਆਂ 'ਤੇ ਚਰਚਾ ਕਰਕੇ ਚੰਗੀਆਂ ਨੀਤੀਆਂ ਘੜਨ ਤੇ ਲਾਗੂ ਕਰਨ ਦਾ ਸਥਾਨ ਹੈ, ਪਰ ਬੀਤੇ ਕੁਝ ਵਰ੍ਹਿਆਂ ਵਿਚ ਇਹ ਵੇਖਣ ਵਿਚ ਆਇਆ ਹੈ ਕਿ ਭਾਰਤੀ ਸੰਸਦ ਵਿਚ ਵੱਖ-ਵੱਖ ਮੁੱਦਿਆਂ 'ਤੇ ਸਾਰਥਕ ਚਰਚਾ ਜਾਂ ਤਾਂ ਕੀਤੀ ਹੀ ਨਹੀਂ ਗਈ ਜਾਂ ਫਿਰ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਉਣ ਲਈ ਮਾਈਕ ਬੰਦ ਕਰ ਦੇਣਾ ਜਾਂ ਸੰਸਦ 'ਚੋਂ 150 ਦੇ ਕਰੀਬ ਮੈਂਬਰਾਂ ਨੂੰ ਮੁਅੱਤਲ ਕਰ ਦੇਣ ਦਾ ਰਸਤਾ ਅਪਣਾਇਆ ਗਿਆ। ਦੇਸ਼ ਦੀ ਰੀੜ੍ਹ ਦੀ ਹੱਡੀ ਕਹੇ ਜਾਂਦੇ ਭਾਰਤੀ ਕਿਸਾਨਾਂ ਸੰਬੰਧੀ ਤਿੰਨ ਕਾਲੇ ਕਾਨੂੰਨ ਬਿਨਾਂ ਕਿਸੇ ਚਰਚਾ ਦੇ ਪਾਸ ਕਰਕੇ ਲਾਗੂ ਕਰ ਦਿੱਤੇ ਗਏ, ਪਰ ਕਿਸਾਨਾਂ ਵੱਲੋਂ ਡੇਢ ਸਾਲ ਤੋਂ ਵੀ ਵੱਧ ਸਮੇਂ ਤੱਕ ਕੀਤੇ ਕਰੜੇ ਸੰਘਰਸ਼ ਅਤੇ ਸੈਂਕੜੇ ਸ਼ਹੀਦੀਆਂ ਤੋਂ ਬਾਅਦ ਇਹ ਕਾਲੇ ਕਾਨੂੰਨ ਵਾਪਸ ਲੈ ਲਏ ਗਏ।

ਓਲੰਪਿਕ ਅਤੇ ਹੋਰ ਕੌਮਾਂਤਰੀ ਖੇਡ ਮੁਕਾਬਲਿਆਂ ਵਿੱਚ ਦੇਸ਼ ਲਈ ਕਈ ਤਗ਼ਮੇ ਲਿਆਉਣ ਵਾਲੇ ਮਹਿਲਾ ਤੇ ਪੁਰਸ਼ ਪਹਿਲਵਾਨ ਲਗਪਗ ਦੋ ਮਹੀਨੇ ਤੱਕ ਇਕ ਸੰਸਦ ਮੈਂਬਰ-ਕਮ-ਭਾਰਤੀ ਕੁਸ਼ਤੀ ਸੰਘ ਦੇ ਮੁਖੀ ਖ਼ਿਲਾਫ਼ ਗੰਭੀਰ ਦੋਸ਼ਾਂ ਦੀ ਜਾਂਚ ਕਰਨ ਅਤੇ ਉਸ ਨੂੰ ਅਹੁਦੇ ਤੋਂ ਹਟਾਏ ਜਾਣ ਦੀ ਮੰਗ ਕਰਦੇ ਰਹੇ, ਪਰ ਇਨਸਾਫ਼ ਦੀ ਥਾਂ ਉਨ੍ਹਾ ਨੂੰ ਡੰਡੇ ਜਾਂ ਧੱਕੇ ਹਾਸਿਲ ਹੋਏ ਸਨ।

ਸੰਨ 2024 ਦੀਆਂ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਭਾਜਪਾ ਨੇ 'ਅਬ ਕੀ ਬਾਰ-400 ਪਾਰ' ਦਾ ਨਾਅਰਾ ਦਿੱਤਾ ਸੀ ਪਰ ਜਦੋਂ ਨਤੀਜੇ ਆਏ ਤਾਂ ਐੱਨ ਡੀ ਏ ਦੇ ਸੰਸਦ ਮੈਂਬਰਾਂ ਦੀ ਸੰਖਿਆ ਘਟ ਕੇ 293 'ਤੇ ਸਿਮਟ ਗਈ ਸੀ ਤੇ ਇਹ ਗੱਲ ਭਾਜਪਾ ਅੱਜ ਤੱਕ ਵੀ ਬਰਦਾਸ਼ਤ ਨਹੀਂ ਕਰ ਪਾਈ। ਇਸ ਕਰਕੇ ਭਾਜਪਾ ਨੇ ਸਾਰੀਆਂ ਸੰਸਦੀ ਪ੍ਰੰਪਰਾਵਾਂ ਦਾ ਘਾਣ ਕਰਕੇ ਸਾਮ,ਦਾਮ,ਦੰਡ,ਭੇਦ ਭਾਵ ਹਰੇਕ ਹਰਬਾ ਅਪਨਾ ਕੇ ਦੂਜੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ ਨੂੰ ਤੋੜਨ ਦੀ ਅਤੇ ਆਪਣਾ ਕੁਨਬਾ ਮਜ਼ਬੂਤ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਤੇ ਇਸ ਮੁਹਿੰਮ ਵਿਚ ਉਸ ਨੂੰ ਭਾਰੀ ਸਫ਼ਲਤਾ ਵੀ ਮਿਲ ਰਹੀ ਹੈ, ਭਾਵੇਂ ਕਿ ਇਸ ਸਫ਼ਲਤਾ ਵਿਚ ਈ ਡੀ, ਸੀ ਬੀ ਆਈ ਅਤੇ ਆਮਦਨ ਕਰ ਵਿਭਾਗ ਦੀ ਵੱਡੀ ਭੂਮਿਕਾ ਨਜ਼ਰ ਆ ਰਹੀ ਹੈ। 'ਨੀਟ-2024' ਅਤੇ 'ਨੀਟ-2026' ਦੀ ਪ੍ਰੀਖਿਆ ਸਣੇ ਹੋਰ ਪ੍ਰੀਖਿਆਵਾਂ ਦੇ ਪ੍ਰਸ਼ਨ ਪੱਤਰ ਲੀਕ ਹੋਣ ਕਰਕੇ ਪੈਦਾ ਹੋਈ ਮਾਨਸਿਕ ਪ੍ਰੇਸ਼ਾਨੀ ਹੰਢਾਉਣ ਵਾਲੇ ਲੱਖਾਂ ਵਿਦਿਆਰਥੀਆਂ ਨਾਲ ਹੋਏ ਧੱਕੇ ਦੇ ਸੰਬੰਧ ਵਿਚ ਨੈਤਿਕ ਜ਼ਿੰਮੇਵਾਰੀ ਚੁੱਕਦਿਆਂ ਸੰਬੰਧਤ ਕੇਂਦਰੀ ਸਿੱਖਿਆ ਮੰਤਰੀ ਦਾ ਅਸਤੀਫ਼ਾ ਲਏ ਜਾਣ ਸੰਬੰਧੀ ਜਾਂ ਉਸ ਵੱਲੋਂ ਖ਼ੁਦ ਨੈਤਿਕ ਆਧਾਰ 'ਤੇ ਅਸਤੀਫ਼ਾ ਦਿੱਤੇ ਜਾਣ ਦੀ ਕੋਈ ਖ਼ਬਰ ਸਾਹਮਣੇ ਨਾ ਆਉਣਾ ਇਹ ਸਾਬਿਤ ਕਰਦਾ ਹੈ ਕਿ ਬੀਤੇ ਸਮੇਂ ਵਾਲੀ 'ਨੈਤਿਕ ਆਧਾਰ 'ਤੇ ਅਸਤੀਫ਼ਾ' ਦੇਣ ਵਾਲੀ ਪ੍ਰੰਪਰਾ ਹੁਣ ਦੀ ਸੰਸਦ 'ਚੋਂ ਮੁੱਕ ਗਈ ਹੈ। ਇਸੇ ਤਰ੍ਹਾਂ ਸੰਸਦ ਵਿਚ ਸਪੀਕਰ ਦੇ ਅਹੁਦੇ ਲਈ ਸੱਤਾ ਧਿਰ ਅਤੇ ਡਿਪਟੀ ਸਪੀਕਰ ਦੇ ਅਹੁਦੇ ਲਈ ਵਿਰੋਧੀ ਧਿਰ ਦਾ ਆਗੂ ਚੁਣੇ ਜਾਣ ਦੀ ਸ਼ਾਨਦਾਰ ਸੰਸਦੀ ਪ੍ਰੰਪਰਾ ਦੀ ਪਾਲਣਾ ਬੀਤੇ ਦਸ ਸਾਲ ਤੋਂ ਬੰਦ ਕਰ ਦਿੱਤੀ ਗਈ ਹੈ ਤੇ ਸੰਸਦ ਵਿਚ ਹੁਣ ਕਿਸੇ ਵੀ ਮੁੱਦੇ 'ਤੇ ਸਹਿਮਤੀ ਘੱਟ ਤੇ ਟਕਰਾਅ ਵੱਧ ਵੇਖਣ ਨੂੰ ਮਿਲ ਰਿਹਾ ਹੈ।

ਸੰਸਦ ਮੈਂਬਰਾਂ ਵੱਲੋਂ ਇਕ ਜ਼ਾਬਤੇ ਵਿਚ ਰਹਿ ਕੇ ਇਕ ਦੂਜੇ 'ਤੇ ਟੀਕਾ-ਟਿੱਪਣੀ ਕਰਨੀ ਤੇ ਸ਼ਾਇਰਾਨਾ ਅੰਦਾਜ਼ ਵਿਚ ਤੇ ਬੜੇ ਹੀ ਦਿਲਚਸਪ ਲਫ਼ਜ਼ਾਂ ਵਿਚ ਆਪਣੀ ਗੱਲ ਸੰਸਦ ਦੇ ਮੇਜ਼ 'ਤੇ ਰੱਖਣ ਦੀ ਉਹ ਖ਼ੂਬਸੂਰਤ ਰਵਾਇਤ ਦਾ ਵੀ ਹੁਣ ਇੰਤਕਾਲ ਹੋ ਚੁੱਕਾ ਹੈ। ਇਹ ਕਾਰਜ ਸ਼ੈਲੀ ਹੁਣ ਸੰਸਦੀ ਪ੍ਰਣਾਲੀ ਵਿਚ ਆ ਚੁੱਕੇ ਵੱਡੇ ਨਿਘਾਰ ਵੱਲ ਸਾਫ਼-ਸਾਫ਼ ਇਸ਼ਾਰਾ ਕਰਦੀ ਹੈ।

**# ਸੰਪਰਕ : 97816-46008**

# ਭਾਰਤ-ਅਮਰੀਕਾ ਵਪਾਰ ਸਮਝੌਤਾ

ਡਾ. ਹਰਜੀਤ ਸਿੰਘ ਭੰਡੋਲ

ਭਾਰਤ ਅਤੇ ਅਮਰੀਕਾ ਵਿਚਕਾਰ ਹੋਣ ਵਾਲਾ ਆਗਾਮੀ ਵਪਾਰ ਸਮਝੌਤਾ ਪੂਰੇ ਦੇਸ਼, ਖਾਸ ਕਰਕੇ ਪੰਜਾਬ ਦੇ ਕਿਸਾਨੀ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਵਿਵਾਦਪੂਰਨ ਮੁੱਦੇ 'ਤੇ ਵਿਰੋਧੀ ਧਿਰ ਦੀਆਂ ਰਾਜਨੀਤਕ ਪਾਰਟੀਆਂ ਅਤੇ ਕਿਸਾਨ ਜਥੇਬੰਦੀਆਂ ਪਿਛਲੇ ਸਾਲ ਤੋਂ ਲੈ ਕੇ ਲਗਾਤਾਰ ਸੰਵਾਦ ਰਚਾ ਰਹੀਆਂ ਹਨ। ਕਿਸਾਨ ਜਥੇਬੰਦੀਆਂ ਵੱਲੋਂ ਜਿਲਾ ਪੱਧਰ 'ਤੇ ਪ੍ਰਸ਼ਾਸਨਿਕ ਅਧਿਕਾਰੀਆਂ ਰਾਹੀਂ ਆਪਣੇ ਮੰਗ ਪੱਤਰ ਕੇਂਦਰ ਸਰਕਾਰ ਤੱਕ ਪਹੁੰਚਾਉਣ ਲਈ ਚਾਰਾਜ਼ੋਈ ਕੀਤੀ ਜਾ ਰਹੀ ਹੈ, ਤਾਂ ਜੋ ਵਪਾਰ ਸਮਝੌਤੇ ਦੇ ਕਿਸਾਨ ਵਿਰੋਧੀ ਖਦਸ਼ਿਆਂ ਬਾਰੇ ਸਰਕਾਰ ਨੂੰ ਜਾਣੂੰ ਕਰਵਾਇਆ ਜਾ ਸਕੇ। ਇਸ ਸਮਝੌਤੇ ਕਰਕੇ ਦੇਸ਼ ਦੀ ਆਰਥਿਕਤਾ 'ਤੇ ਪੈਣ ਵਾਲੇ ਪ੍ਰਭਾਵ ਬਾਰੇ ਚਿੰਤਾ ਕੇਵਲ ਕਿਸਾਨੀ ਭਾਈਚਾਰੇ ਦੇ ਹਿੱਤਾਂ ਦੀ ਹੀ ਨਹੀਂ, ਸਗੋਂ ਸਮੁੱਚੇ ਲੋਕਾਂ ਦੇ ਆਰਥਿਕ ਤੇ ਸਮਾਜਿਕ ਹਿੱਤ ਪ੍ਰਭਾਵਿਤ ਹੋਣ ਦਾ ਖਦਸ਼ਾ ਬਣਿਆ ਹੋਇਆ ਹੈ, ਜਿਹੜੇ ਖੇਤੀ ਦੇ ਕਿੱਤੇ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਹੋਏ ਹਨ।

ਹਾਲ ਹੀ ਦੇ ਦਿਨਾਂ ਵਿੱਚ ਕਿਸਾਨਾਂ ਨੇ ਵੱਖ-ਵੱਖ ਕਿਸਾਨ ਯੂਨੀਅਨਾਂ ਦੇ ਬੈਨਰਾਂ ਹੇਠ ਇੱਕ ਵਿਸ਼ਾਲ ਰੋਸ ਮਾਰਚ ਦੇਸ਼ ਦੀ ਰਾਜਧਾਨੀ ਵੱਲ ਕੱਢਿਆ, ਜਿਸ ਦਾ ਮਕਸਦ ਕੇਂਦਰ ਸਰਕਾਰ ਤੱਕ ਕਿਸਾਨੀ ਮੁੱਦਿਆਂ ਦੀ ਆਵਾਜ਼ ਪਹੁੰਚਾਉਣਾ ਹੀ ਨਹੀਂ ਸੀ, ਬਲਕਿ ਦੇਸ਼ ਦੇ ਆਵਾਮ ਨੂੰ ਹੋਣ ਵਾਲੇ ਵਪਾਰ ਸਮਝੌਤੇ ਦੇ ਭਵਿੱਖੀ ਪ੍ਰਭਾਵਾਂ ਬਾਰੇ ਜਾਣਕਾਰੀ ਦੇਣਾ ਵੀ ਸੀ।

ਮੌਜੂਦਾ ਸਮੇਂ ਹਾਕਮ ਜਮਾਤ ਨੂੰ ਇਹ ਖਦਸ਼ਾ ਹੈ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ ਬਾਰੇ ਕਿਸਾਨਾਂ ਦਾ ਰੋਸ ਸਾਲ 2020 ਵਿੱਚ ਤਿੰਨ ਖੇਤੀ ਕਾਨੂੰਨਾਂ ਖਿਲਾਫ ਹੋਏ ਕਿਸਾਨ ਅੰਦੋਲਨ ਜਿਹਾ ਵਿਕਰਾਲ ਰੂਪ ਨਾ ਧਾਰਨ ਕਰ ਜਾਵੇ। ਕਿਸਾਨੀ ਧਿਰਾਂ ਭਾਰਤ-ਅਮਰੀਕਾ ਵਪਾਰ ਸਮਝੌਤੇ ਖਿਲਾਫ ਜੋ ਦਲੀਲਾਂ ਪੇਸ਼ ਕਰ ਰਹੀਆਂ ਹਨ, ਉਹਨਾਂ ਵਿੱਚ ਦੋਵੇਂ ਦੇਸ਼ਾਂ ਦੀਆਂ ਕਿਸਾਨੀ ਸਬਸਿਡੀਆਂ ਵਿੱਚ ਅਸਮਾਨਤਾਵਾਂ, ਡੀ ਡੀ ਜੀ ਐੱਸ (ਡਿਸਟਿਲਡ ਡਰਾਇਡ ਗਰੇਨ ਵਿਦ ਸਾਲੂਬਲ), ਖੇਤੀ ਵਿਭਿੰਨਤਾ ਨੂੰ ਮਾਰ, ਕਪਾਹ ਉਤਪਾਦਕਾਂ ਅਤੇ ਉਦਯੋਗ 'ਤੇ ਬੁਰਾ ਅਸਰ, ਲਾਲ ਜਵਾਰ ਦੀ ਖੇਤੀ 'ਤੇ ਪ੍ਰਭਾਵ ਜਿਹੇ ਸੰਵੇਦਨਸ਼ੀਲ ਮੁੱਦੇ ਸ਼ਾਮਲ ਹਨ।

ਜੇਕਰ ਅਮਰੀਕਾ ਵਿਚਲੀ ਖੇਤੀ ਪ੍ਰਣਾਲੀ ਦੀ ਗੱਲ ਕੀਤੀ ਜਾਵੇ ਤਾਂ ਵੇਖਦੇ ਹਾਂ ਕਿ ਇਹ ਪੂਰਨ ਤੌਰ 'ਤੇ ਸਰਕਾਰੀ ਸਹਾਇਤਾ ਅਧਾਰਤ ਹੈ, ਭਾਵ ਇਹ ਕਿ ਉੱਥੋਂ ਦੀ ਸਰਕਾਰ ਆਪਣੇ ਕਿਸਾਨਾਂ ਨੂੰ ਸਿੱਧਾ ਆਮਦਨ ਭੁਗਤਾਨ, ਫਸਲੀ ਬੀਮਾ ਅਤੇ ਖੇਤੀ ਉਤਪਾਦਾਂ ਦੀ ਬਰਾਮਦ ਵਿੱਚ ਵੀ ਮਦਦ ਕਰਦੀ ਹੈ। ਅਮਰੀਕਾ ਵਿੱਚ ਖੇਤੀ ਦੇ ਕਿੱਤੇ ਨੂੰ ਉਦਯੋਗ ਦਾ ਦਰਜਾ ਦਿੱਤਾ ਹੋਇਆ ਹੈ। ਸਰਕਾਰ ਉਦਯੋਗਾਂ ਦੀ ਤਰਜ਼ 'ਤੇ ਕਿਸਾਨਾਂ ਨੂੰ ਖੇਤੀ ਦੇ ਕਿੱਤੇ ਵਿੱਚ ਬਣਾਏ ਰੱਖਣ ਲਈ ਅਥਾਹ ਸਬਸਿਡੀਆਂ ਦਿੰਦੀ ਹੈ। ਅਮਰੀਕਾ ਦੀ ਸਰਕਾਰ ਨੇ ਆਪਣੇ ਇਸ ਕਦਮ ਨੂੰ ਵਿਸ਼ਵ ਵਪਾਰ ਸੰਗਠਨ (ਡਬਲਿਊ ਟੀ ਓ) ਦੇ ਮੰਚ 'ਤੇ ਵੀ ਸਹੀ ਠਹਿਰਾਇਆ, ਹੈ ਜਦੋਂ ਕਿ ਅਮਰੀਕਾ ਵਿਕਾਸਸ਼ੀਲ ਦੇਸ਼ਾਂ ਵਿੱਚ ਸਰਕਾਰਾਂ ਤੋਂ ਕਿਸਾਨਾਂ ਨੂੰ ਮਿਲਦੀਆਂ ਨਿਗੂਣੀਆਂ ਰਿਆਇਤਾਂ ਅਤੇ ਸਬਸਿਡੀਆਂ ਬਾਰੇ ਆਲਮੀ ਮੰਚਾਂ 'ਤੇ ਪਿਛਲੇ ਚਾਰ ਦਹਾਕਿਆਂ ਤੋਂ ਆਪਣਾ ਵਿਰੋਧ ਦਰਜ ਕਰਵਾਉਂਦਾ ਆ ਰਿਹਾ ਹੈ।

ਦੂਜੇ ਪਾਸੇ ਭਾਰਤ ਜਿਹੇ ਵਿਕਾਸਸ਼ੀਲ ਦੇਸ਼ ਵਿੱਚ ਕਿਸਾਨ ਵਧ ਰਹੀਆਂ ਖੇਤੀ ਲਾਗਤਾਂ, ਘਟ ਰਹੇ ਸਰਕਾਰੀ ਨਿਵੇਸ਼ ਅਤੇ ਮਾੜੇ ਕੀਮਤ ਪ੍ਰਬੰਧਨ ਜਿਹੇ ਔਗੁਣਾਂ ਦਾ ਸਾਹਮਣਾ ਕਰਦੇ ਹਨ ਕਿਉਂਕਿ ਸਰਕਾਰ ਪੱਧਰ 'ਤੇ ਉਹਨਾਂ ਨੂੰ ਕੋਈ ਰਾਹਤ ਨਹੀਂ ਮਿਲਦੀ। ਵੇਖਿਆ ਗਿਆ ਹੈ ਕਿ ਅਮਰੀਕਾ ਵਿੱਚ ਕਿਸਾਨਾਂ ਨੂੰ ਮਿਲਦੀਆਂ ਸਬਸਿਡੀਆਂ ਦੀ ਦਰ ਭਾਰਤ ਦੇ ਕਿਸਾਨਾਂ ਦੇ ਮੁਕਾਬਲੇ 35 ਗੁਣਾ ਵਧੇਰੇ ਹੈ। ਅਜਿਹਾ ਅਸੰਤੁਲਨ ਭਾਰਤ ਦੀ ਕਿਸਾਨੀ ਨੂੰ ਆਲਮੀ ਮੰਡੀ ਵਿੱਚ ਮੁਕਾਬਲਾ ਕਰਨ ਦੇ ਯੋਗ ਨਹੀਂ ਰਹਿਣ ਦਿੰਦਾ।

ਸਰਕਾਰ ਅੰਦਾਜ਼ਾ ਲਗਾ ਰਹੀ ਹੈ ਕਿ ਡੀ ਡੀ ਜੀ ਐੱਸ (ਡਿਸਟਿਲਡ ਡਰਾਇਡ ਗਰੇਨ ਵਿਦ ਸਾਲੂਬਲ) ਦੀ ਦਰਾਮਦ ਭਾਰਤੀ ਬਾਜ਼ਾਰ ਵਿੱਚ ਹੋਣ ਨਾਲ ਇੱਥੋਂ ਦੇ ਪੋਲਟਰੀ, ਡੇਅਰੀ ਅਤੇ ਮੱਛੀ ਨਾਲ ਸਬੰਧਤ ਖੇਤਰ ਨੂੰ ਹੁਲਾਰਾ ਮਿਲੇਗਾ। ਇਸ ਨਾਲ ਪਸ਼ੂ ਖੁਰਾਕ ਦੀ ਕੀਮਤ ਘਟੇਗੀ ਅਤੇ ਪਸ਼ੂਧਨ ਸਿਹਤ ਵਿੱਚ ਵੀ ਗੁਣਾਤਮਕ ਸੁਧਾਰ ਹੋਵੇਗਾ, ਪਰੰਤੂ ਅਜਿਹਾ ਕਦਮ ਘਰੇਲੂ ਸੋਇਆਬੀਨ ਉਤਪਾਦਕਾਂ ਅਤੇ ਮੱਕੀ ਬੀਜਨ ਵਾਲੇ ਕਿਸਾਨਾਂ ਲਈ ਘਾਟੇ ਦਾ ਸੌਦਾ ਸਾਬਿਤ ਹੋਵੇਗਾ, ਕਿਉਂਕਿ ਅਮਰੀਕੀ ਖੇਤੀ ਉਤਪਾਦਾਂ ਦੀ ਦਰਾਮਦ ਨਾਲ ਘਰੇਲੂ ਫਸਲਾਂ ਨੂੰ ਇੱਥੋਂ ਦੇ ਖਰੀਦਦਾਰ ਸਸਤਾ ਖਰੀਦਣਗੇ। ਇਹ ਅੰਦਾਜ਼ਾ ਵੀ ਲਾਇਆ ਜਾ ਰਿਹਾ ਹੈ ਕਿ ਅਮਰੀਕੀ ਖੇਤੀ ਉਤਪਾਦ ਉੱਚ ਪ੍ਰੋਟੀਨ ਮਾਤਰਾ ਅਤੇ ਅਮੀਨੋ ਐਸਿਡ ਯੁਕਤ ਹਨ, ਜੋ ਦੁੱਧ ਦੀ ਉਤਪਾਦਕਤਾ ਵਧਾਉਣ ਅਤੇ ਪੋਲਟਰੀ ਚਿਕਨ ਦੇ ਭਾਰ ਵਿੱਚ ਵਾਧਾ ਕਰਨ ਦੇ ਸਮਰੱਥ ਹਨ। ਦੂਜੇ ਪਾਸੇ ਅਮਰੀਕੀ ਖੇਤੀਬਾੜੀ ਉਤਪਾਦਾਂ ਬਾਰੇ ਮਾਹਰਾਂ ਦੀ ਇਹ ਸ਼ੰਕਾ ਹੈ ਕਿ ਇਹ ਉਤਪਾਦ ਜੈਨਿਟੀਕਲੀ ਮੋਡੀਫਾਇਡ ਪ੍ਰਕਿਰਤੀ ਵਾਲੇ ਹਨ, ਜੋ ਭੋਜਨ ਰੂਪੀ ਲੜੀ ਵਿੱਚ ਸਿਹਤ ਸੰਬੰਧੀ ਰਿਸਕ ਪੈਦਾ ਕਰ ਸਕਦੀ ਹੈ।

ਪੰਜਾਬ ਅਤੇ ਹਰਿਆਣਾ ਜਿਹੇ ਸੂਬਿਆਂ ਵਿੱਚ ਕਿਸਾਨਾਂ ਵੱਲੋਂ ਪਿਛਲੇ ਦਹਾਕੇ ਤੋਂ ਖੇਤੀ ਵਿਭਿੰਨਤਾ ਦੇ ਰੂਪ ਵਿੱਚ ਮੱਕੀ ਦੀ ਫਸਲ ਦੇ ਵਿਕਲਪ ਨੂੰ ਅਪਨਾਇਆ ਗਿਆ ਹੈ। ਜੇਕਰ ਸੰਭਾਵਿਤ ਭਾਰਤ-ਅਮਰੀਕਾ ਵਪਾਰ ਸਮਝੌਤੇ ਵਿੱਚ ਮੱਕੀ ਦੀ ਦਰਾਮਦ ਦੇਸ਼ ਅੰਦਰ ਵਧਦੀ ਹੈ ਤਾਂ ਇਹ ਛੇਤੀ ਹੀ ਕਿਸਾਨਾਂ ਨੂੰ ਖੇਤੀ ਵਿਭਿੰਨਤਾ ਤੋਂ ਲਾਂਭੇ ਕਰ ਦੇਵੇਗੀ। ਉਹ ਇੱਕ ਵਾਰ ਫਿਰ ਝੋਨੇ ਦੀ ਫਸਲ ਬੀਜਣ ਵੱਲ ਰੁਚਿਤ ਹੋਣਗੇ, ਜੋ ਪਾਣੀ ਦੀ ਜ਼ਿਆਦਾ ਖਪਤ ਕਰਨ ਵਾਲੀ ਹੀ ਨਹੀਂ, ਬਲਕਿ ਵਾਤਾਵਰਣ ਦੀ ਚਿਰਕਾਲੀਨਤਾ ਨੂੰ ਪ੍ਰਭਾਵਿਤ ਕਰਨ ਵਾਲੀ ਹੈ।

ਭਾਰਤ-ਅਮਰੀਕਾ ਵਪਾਰ ਸਮਝੌਤੇ ਵਿੱਚ ਕਪਾਹ ਵਰਗੀ ਫਸਲ ਦੇ ਦਰਾਮਦ ਲਈ ਭਾਰਤ ਦੀ ਮੰਡੀ ਨੂੰ ਜੇਕਰ ਜ਼ੀਰੋ ਟੈਰਿਫ ਤਹਿਤ ਖੋਲ੍ਹ ਦਿੱਤਾ ਜਾਂਦਾ ਹੈ ਤਾਂ ਅਜਿਹਾ ਕਦਮ ਕਿਸਾਨਾਂ ਦੀ ਆਰਥਿਕਤਾ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕਰੇਗਾ। ਇਸ ਨਾਲ ਪੰਜਾਬ ਤੋਂ ਲੈ ਕੇ ਮਹਾਰਾਸ਼ਟਰ ਤੱਕ ਦਾ ਕਿਸਾਨ ਪ੍ਰਭਾਵਤ ਹੋਵੇਗਾ। ਸਰਕਾਰ ਦਾ ਦਾਅਵਾ ਹੈ ਕਿ ਸਮਝੌਤੇ ਵਿੱਚ ਕੇਵਲ ਲੰਮੇ ਰੇਸ਼ਿਆਂ ਵਾਲੀ ਕਪਾਹ ਨੂੰ ਹੀ ਸ਼ਾਮਿਲ ਕੀਤਾ ਜਾਵੇਗਾ, ਪਰੰਤੂ ਅਜਿਹਾ ਕਦਮ ਵੀ ਜ਼ੀਰੋ ਟੈਰਿਫ ਦੇ ਨਿਜ਼ਾਮ ਅਧੀਨ ਭਵਿੱਖ ਵਿੱਚ ਕਿਸਾਨੀ ਨੂੰ ਪ੍ਰਭਾਵਿਤ ਕਰੇਗਾ। ਕਪਾਹ ਦੀ ਵੱਡੀ ਪੱਧਰ 'ਤੇ ਅਮਰੀਕਾ ਤੋਂ ਦਰਾਮਦ ਘਰੇਲੂ ਕਪਾਹ ਉਦਯੋਗ ਨੂੰ ਪ੍ਰਭਾਵਿਤ ਕਰੇਗੀ। ਜੇਕਰ ਆਉਣ ਵਾਲੇ ਸਮੇਂ ਵਿੱਚ ਕਪਾਹ ਦੀਆਂ ਕੀਮਤਾਂ ਸਥਿਰ ਰਹਿੰਦੀਆਂ ਹਨ ਤਾਂ ਨਿਸਚਿਤ ਤੌਰ 'ਤੇ ਭਾਰਤੀ ਕਿਸਾਨ ਕਪਾਹ ਦੀ ਖੇਤੀ ਕਰਨ ਤੋਂ ਤੌਬਾ ਕਰੇਗਾ।

ਆਗਾਮੀ ਭਾਰਤ-ਅਮਰੀਕਾ ਵਪਾਰ ਸਮਝੌਤੇ ਵਿੱਚ ਲਾਲ ਜਵਾਰ ਦੀ ਦਰਾਮਦ ਨੂੰ ਜ਼ੀਰੋ ਟੈਰਿਫ ਦੇ ਨਿਜ਼ਾਮ ਤਹਿਤ ਖੋਲ੍ਹਣ ਦੀ ਤਾਕੀਦ ਕੀਤੀ ਜਾ ਰਹੀ ਹੈ ਜੋ ਭਾਰਤੀ ਕਿਸਾਨਾਂ ਲਈ ਸ਼ੁਭ ਸੰਕੇਤ ਨਹੀਂ ਹੈ। ਭਾਰਤ ਦਾ ਸੂਬਾ ਮਹਾਰਾਸ਼ਟਰ ਲਾਲ ਜਵਾਰ ਦੀ ਫਸਲ ਦਾ 50 ਫੀਸਦੀ ਤੋਂ ਵਧੇਰੇ ਉਤਪਾਦਨ ਕਰਦਾ ਹੈ। ਜ਼ੀਰੋ ਟੈਰਿਫ ਕਾਰਨ ਉੱਥੋਂ ਦੇ ਕਿਸਾਨਾਂ ਨੂੰ ਵੱਡੀ ਆਰਥਿਕ ਸੱਟ ਵੱਜਣ ਦਾ ਖਦਸ਼ਾ ਹੈ। ਮਾਹਰਾਂ ਦਾ ਤਰਕ ਹੈ ਕਿ ਅਮਰੀਕਨ ਲਾਲ ਜਵਾਰ ਜੈਨੇਟੀਕਲੀ ਮੋਡੀਫਾਇਡ ਖੇਤੀ ਉਤਪਾਦ ਹੈ, ਜੋ ਲੋਕਾਂ ਦੀ ਭੋਜਨ ਲੜੀ ਅਤੇ ਸਿਹਤ ਉਪਰ ਬੁਰਾ ਪ੍ਰਭਾਵ ਪਾ ਸਕਦੀ ਹੈ।

ਭਾਰਤ-ਅਮਰੀਕਾ ਸੰਭਾਵੀ ਵਪਾਰ ਸਮਝੌਤੇ ਦੇ ਖਦਸ਼ਿਆਂ ਕਾਰਨ ਖੇਤੀ ਖੇਤਰ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਲਈ ਕੇਂਦਰ ਸਰਕਾਰ ਨੂੰ ਅਗਾਊਂ ਕਦਮ ਚੁੱਕਣ ਦੀ ਜ਼ਰੂਰਤ ਹੈ। ਸਰਕਾਰ ਦਰਾਮਦ ਦਾ ਕੋਟਾ ਫਿਕਸ ਕਰਕੇ ਘਰੇਲੂ ਬਾਜ਼ਾਰ ਵਿੱਚ ਸੀਜ਼ਨ ਅਤੇ ਉਤਪਾਦਨ ਦੇ ਹਿਸਾਬ ਨਾਲ ਸੰਤੁਲਨ ਕਾਇਮ ਕਰ ਸਕਦੀ ਹੈ, ਜਿਸ ਨਾਲ ਮੰਗ ਅਤੇ ਸਪਲਾਈ ਦਾ ਸੰਤੁਲਨ ਬਣਿਆ ਰਹੇਗਾ ਅਤੇ ਬਾਜ਼ਾਰ ਵਿੱਚ ਵੀ ਮੰਦੀ ਨਹੀਂ ਆਵੇਗੀ। ਇਸ ਤੋਂ ਇਲਾਵਾ ਸਰਕਾਰ ਇੱਕ ਸਰਕਾਰੀ ਕਾਰਪੋਰੇਸ਼ਨ ਬਣਾ ਸਕਦੀ ਹੈ ਜਾਂ ਫਿਰ ਅਜਿਹਾ ਕੰਮ ਨੇਫਡ (ਨੈਸ਼ਨਲ ਐਗਰੀਕਲਚਰਲ ਕੋਆਪ੍ਰੇਟਿਵ ਮਾਰਕੀਟਿੰਗ ਫੈਡਰੇਸ਼ਨ ਆਫ਼ ਇੰਡੀਆ ਲਿਮਟਿਡ) ਵਰਗੇ ਅਦਾਰੇ ਨੂੰ ਸੌਂਪਿਆ ਜਾ ਸਕਦਾ ਹੈ, ਜਿਹੜਾ ਕਿ ਮੰਗ ਅਤੇ ਸਪਲਾਈ ਦੇ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਅਤੇ ਸਪਲਾਈ ਦੀ ਬਹੁਤਾਤ ਨੂੰ ਕੰਟਰੋਲ ਕਰਨ ਦੀ ਸਮਰੱਥਾ ਵੀ ਰੱਖਦਾ ਹੈ।

ਸਰਕਾਰ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਭਾਰਤ ਦੀ ਆਬਾਦੀ ਦਾ ਵੱਡਾ ਹਿੱਸਾ ਅੱਜ ਵੀ ਖੇਤੀਬਾੜੀ ਦੇ ਕਿੱਤੇ 'ਤੇ ਨਿਰਭਰ ਕਰਦਾ ਹੈ। ਇਸ ਲਈ ਨੀਤੀਘਾੜਿਆਂ ਲਈ ਇਹ ਸੋਚਣ ਦਾ ਸਮਾਂ ਹੈ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਅੰਤਮ ਰੂਪ ਦੇਣ ਤੋਂ ਪਹਿਲਾਂ ਇੱਕ ਵਾਰ ਭਾਰਤ ਦੀ ਕਿਸਾਨੀ ਦਾ ਖਿਆਲ ਜ਼ਰੂਰ ਰੱਖਿਆ ਜਾਵੇ।

**# ਸੰਪਰਕ : 94179-47680**

